MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 40 SATURDAY, 7 OCTOBER, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੈਨੇਡੀਅਨ ਕੂਟਨੀਤਕਾਂ ਨੂੰ ਕੱਢਣ ਦੀ ਕਾਰਵਾਈ ਟਾਲਣ ਲਈ ਭਾਰਤ ਨਾਲ ਗੱਲਬਾਤ ਕਰ ਰਿਹਾ ਹੈ ਕੈਨੇਡਾ-ਟਰੂਡੋ

## ਭਾਰਤ ਨੇ 62 ਵਿਚੋਂ 41 ਕੂਟਨੀਤਕ 10 ਅਕਤੂਬਰ ਤਕ ਵਾਪਸ ਬੁਲਾਉਣ ਲਈ ਕਿਹਾ

ਓਟਵਾ-ਕੈਨੇਡਾ 41 ਕੈਨੇਡੀਅਨ ਕੂਟਨੀਤਕਾਂ ਨੂੰ ਕੱਢੇ ਜਾਣ ਦੀ ਕਾਰਵਾਈ ਨੂੰ ਟਾਲਣ ਲਈ ਭਾਰਤ ਨਾਲ ਗੱਲਬਾਤ ਕਰ ਰਿਹਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਭਾਰਤ ਦੇ ਇਸ ਤਾਜ਼ਾ ਆਦੇਸ਼ ਨੂੰ ਲੈ ਕੇ ਭਾਰਤ ਨਾਲ ਗੱਲਬਾਤ ਕਰ ਰਿਹਾ ਹੈ ਕਿ ਇਕ ਹਫ਼ਤੇ ਦੇ ਅੰਦਰ ਅੰਦਰ ਦਰਜਨਾਂ ਕੈਨੇਡੀਅਨ ਕੂਟਨੀਤਕ ਵਾਪਸ ਬੁਲਾ ਲਏ ਜਾਣ। ਇਹ ਹੁਕਮ ਦੋਵਾਂ ਦੇਸ਼ਾਂ ਵਿਚਕਾਰ ਚਲ ਰਹੇ ਤਣਾਅ ਨੂੰ ਹੋਰ ਵਧਾ ਰਿਹਾ ਹੈ। ਟਰੂਡੋ ਵਲੋਂ ਪਿਛਲੇ ਮਹੀਨੇ ਇਹ ਗੱਲ ਜ਼ੋਰ ਦੇ ਕੇ ਕਹਿਣ ਕਿ ਭਾਰਤ ਨੇ ਬ੍ਰਿਟਿਸ਼ ਕੋਲੰਬੀਆ ਵਿਚ ਕੈਨੇਡੀਅਨ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭੂਮਿਕਾ ਅਦਾ ਕੀਤੀ ਹੈ ਪਿੱਛੋਂ ਦੋਵਾਂ ਦੇਸ਼ਾਂ ਵਿਚਕਾਰ ਕੂਟਨੀਤਕ ਤਣਾਅ ਪੈਦਾ ਹੋ ਗਿਆ ਸੀ। ਫਾਈਨੈਂਸ਼ਲ ਟਾਈਮਜ਼ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਭਾਰਤ ਨੇ ਕੈਨੇਡਾ ਦੇ 62 ਕੂਟਨੀਤਕਾਂ ਵਿਚੋਂ 41 ਨੂੰ ਦੇਸ਼ ਛੱਡਣ ਲਈ ਕਿਹਾ ਹੈ। ਨਾ ਹੀ ਟਰੂਡੋ ਜਿਹੜੇ ਕੈਬਨਿਟ ਮੀਟਿੰਗ ਲਈ ਜਾਂਦੇ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਅਤੇ ਨਾ ਹੀ ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਭਾਰਤ ਦੀ ਮੰਗ 'ਤੇ ਵਿਸ਼ੇਸ਼ ਰੂਪ ਵਿਚ ਗੱਲ ਕੀਤੀ ਜਾਂ ਕੱਢੇ ਜਾਣ ਵਾਲੇ ਕੂਟਨੀਤਕ ਦੀ ਗਿਣਤੀ ਦੀ ਪੁਸ਼ਟੀ ਕੀਤੀ। ਦੋਵਾਂ ਨੇ ਕਿਹਾ ਕਿ ਉਹ ਦੋਵਾਂ ਦੇਸ਼ਾਂ ਵਿਚਕਾਰ ਜ਼ੁਬਾਨੀ ਤੇ ਰਾਜਨੀਤਕ ਲੜਾਈ ਦੇ ਹੋਰ ਭੜਕਣ ਤੋਂ ਬਚਣਾ ਚਾਹੁੰਦੇ ਹਨ। ਟਰੂਡੋ ਨੇ ਕਿਹਾ ਕਿ ਜਿਵੇਂ ਉਨ੍ਹਾਂ ਨੇ ਕਿਹਾ ਕਿ ਅਸੀਂ ਲੜਾਈ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ, ਅਸੀਂ ਭਾਰਤ ਨਾਲ ਉਸਾਰੂ ਸਬੰਧ ਬਣਾਈ ਰੱਖਣ ਲਈ ਕੰਮ ਕਰ ਰਹੇ ਹਾਂ। ਅਸੀਂ ਹੁਣ ਭਾਰਤ ਨਾਲ ਬਹੁਤ ਹੀ ਚੁਣੌਤੀ ਪੂਰਣ ਸਮੇਂ ਵਿਚੋਂ ਲੰਘ ਰਹੇ ਹਾਂ। ਕੈਨੇਡੀਅਨਾਂ ਅਤੇ ਕੈਨੇਡੀਅਨ ਪਰਿਵਾਰਾਂ ਦੀ ਸਹਾਇਤਾ ਲਈ ਭਾਰਤ ਸਰਕਾਰ ਨਾਲ ਕੰਮ ਕਰਨ ਵਾਲੇ ਕੂਟਨੀਤਕਾਂ ਦਾ ਉਥੇ ਹੋਣਾ ਬਹੁਤ ਮਹੱਤਵਪੂਰਣ ਹੈ। ਅਸੀਂ ਇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ ਅਤੇ ਅਸੀਂ ਜ਼ਿੰਮੇਵਾਰੀ ਅਤੇ ਰਚਨਾਤਮਿਕ ਤਰੀਕੇ ਨਾਲ ਗੱਲਬਾਤ ਜਾਰੀ ਰੱਖਾਂਗੇ। ਭਾਰਤ ਸਰਕਾਰ ਨਾਲ ਗੱਲਬਾਤ ਜਾਰੀ ਹੋਣ ਦੀ ਪੁਸ਼ਟੀ ਕਰਦਿਆਂ ਮਿਸ ਜੋਲੀ ਨੇ ਬਹੁਤ ਥੋੜ੍ਹੀ ਗੱਲਬਾਤ ਕੀਤੀ ਅਤੇ ਕਿਹਾ ਕਿ ਅਸੀਂ ਨਿੱਜੀ ਤੌਰ 'ਤੇ ਗੱਲਬਾਤ ਜਾਰੀ ਰੱਖਾਂਗੇ ਕਿਉਂਕਿ ਸਾਡਾ ਮੰਨਣਾ ਕਿ ਕੂਟਨੀਤਕ ਗੱਲਬਾਤ ਜਦੋਂ ਨਿੱਜੀ ਰਹੇ ਤਾਂ ਉਹ ਬਿਹਤਰ ਹੁੰਦੀ ਹੈ। *(ਬਾਕੀ ਸਫ਼ਾ 10 'ਤੇ)*



# ਮੈਨੀਟੋਬਾ 'ਚ ਐਨ.ਡੀ.ਪੀ. ਨੇ ਚੋਣ ਜਿੱਤੀ

## ਕਿਨਿਊ ਕੈਨੇਡਾ ਵਿਚ ਪਹਿਲਾ ਫਸਟ ਨੇਸ਼ਨਜ਼ ਪ੍ਰੋਵਿੰਸ਼ੀਅਲ ਪ੍ਰੀਮੀਅਰ ਬਣਨ ਲਈ ਤਿਆਰ



ਵਿਨੀਪੈਗ-ਮੈਨੀਟੋਬਾ ਦੀ ਨਿਊ ਡੈਮੋਕਰੈਟਿਕ ਪਾਰਟੀ ਦੇ ਚੋਣਾਂ ਵਿਚ ਬਹੁਮਤ ਨਾਲ ਜਿੱਤ ਹਾਸਲ ਕਰਨ ਪਿੱਛੋਂ ਪਾਰਟੀ ਦੇ ਨੇਤਾ ਵੈਬ ਕਿਨਿਊ ਕੈਨੇਡਾ ਦੇ ਲਗਪਗ ਡੇਢ ਸਦੀ ਪਿੱਛੋਂ ਪਹਿਲੇ ਫਸਟ ਨੇਸ਼ਨਜ਼ ਪ੍ਰੋਵਿੰਸ਼ੀਅਲ ਪ੍ਰੀਮੀਅਰ ਬਣਨ ਲਈ ਤਿਆਰ ਹਨ। ਸਾਬਕਾ ਰੈਪਰ, ਬਰੌਡਕਾਸਟਰ, ਲੇਖਕ ਅਤੇ ਯੂਨੀਵਰਸਿਟੀ ਐਡਮਨਿਸਟ੍ਰੇਟਰ 41 ਸਾਲਾ ਕਿਨਿਊ ਨੇ ਆਪਣੇ ਬਚਪਨ ਦਾ ਕੁਝ ਸਮਾਂ ਓਨਟਾਰੀਓ ਵਿਚ ਓਨੀਗੇਮਿੰਗ ਫਸਟ ਨੇਸ਼ਨ ਵਿਚ ਬਿਤਾਇਆ ਅਤੇ 6 ਸਾਲ ਪਹਿਲਾਂ ਵਿਰੋਧੀ ਧਿਰ ਐਨਡੀਪੀ ਦੀ ਕਮਾਨ ਸੰਭਾਲੀ। ਉਸ ਦੀ ਜਿੱਤ ਇਕ ਔਖੀ ਮੁਹਿੰਮ ਪਿੱਛੋਂ ਹੋਈ ਜਿਸ ਵਿਚ ਉਸ ਨੇ ਮੌਜੂਦਾ ਸੱਤਾਧਾਰੀ ਪ੍ਰੋਗਰੈਸਿਵ ਕੰਸਰਵੇਟਿਵਾਂ ਦੇ ਅਸ਼ਾਂਤ ਸਮੇਂ ਦੇ ਹਮਲਿਆਂ ਨੂੰ ਰੋਕਿਆ ਜਿਸ ਵਿਚ ਉਸ ਦੇ *(ਬਾਕੀ ਸਫ਼ਾ 10 'ਤੇ)*

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service
ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002



S T & A Simpson, Thomas and Associates
Get the legal support you need now.
Serving all of British Columbia
• Family Law
• Personal Injury
• Estate Litigation
• Employment Law
• Immigration Law
• Insurance Denials
We have translators fluent in Hindi and Punjabi.
Book your legal consultation
604 689 8888
simpsonthomas.com
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.
@stalawyers

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 40 SATURDAY, 7 OCTOBER, 2023
www.punjablinkpaper.com 604-503-5465



ਰੇਡੀਓ ਪੰਜਾਬ
Radio Punjab
ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio:#300 12960 84AVE Surrey
Ph: 604 335 1313
www.radiopunjab.ca


# ਐੱਸਵਾਈਐੱਲ ਮਾਮਲੇ 'ਚ ਸੁਪਰੀਮ ਕੋਰਟ ਵਲੋਂ ਕੇਂਦਰ ਨੂੰ ਪੰਜਾਬ ਵਿਚ ਸਰਵੇਖਣ ਦੇ ਆਦੇਸ਼

ਨਵੀਂ ਦਿੱਲੀ (ਦਿਓਲ)-ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਦੀ ਪੰਜਾਬ ਵਿਚਲੀ ਜ਼ਮੀਨ ਦੇ ਹਿੱਸੇ ਦਾ ਸਰਵੇਖਣ ਕਰਨ ਲਈ ਕਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜ਼ਮੀਨ ਸੁਰੱਖਿਅਤ ਹੈ। ਨਾਲ ਹੀ ਪੰਜਾਬ ਸਰਕਾਰ ਨੂੰ ਸਰਵੇਖਣ ਦੇ ਕੰਮ ਵਿਚ ਸਹਿਯੋਗ ਕਰਨ ਦੀ ਹਦਾਇਤ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਐੱਸਵਾਈਐੱਲ ਦੀ ਉਸਾਰੀ ਦੀ ਮੌਜੂਦਾ ਸਥਿਤੀ ਤੋਂ ਜਾਣੂ ਕਰਾਏ। ਸੁਪਰੀਮ ਕੋਰਟ 'ਚ ਅੱਜ ਦੀ ਸੁਣਵਾਈ ਨਾਲ ਪੰਜਾਬ ਤੇ ਹਰਿਆਣਾ ਵਿਚਾਲੇ ਸਿਆਸਤ ਭਖ਼ ਗਈ ਹੈ। ਸੁਪਰੀਮ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ ਜਨਵਰੀ 2024 ਵਿਚ ਰੱਖੀ ਹੈ। ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ ਭਾਰਤ ਸਰਕਾਰ ਵੱਲੋਂ ਪੇਸ਼ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭਾਟੀ ਤੋਂ ਐੱਸਵਾਈਐੱਲ ਨਹਿਰ ਲਈ ਪਾਣੀ ਦੀ ਉਪਲੱਬਧਤਾ ਬਾਰੇ ਦੋ ਮਹੀਨਿਆਂ ਵਿਚ ਰਿਪੋਰਟ ਵੀ ਮੰਗੀ ਹੈ। ਹਾਲਾਂਕਿ ਹਰਿਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਸ਼ਿਆਮ ਦੀਵਾਨ ਨੇ ਇਸ ਦਾ ਵਿਰੋਧ ਕੀਤਾ। ਪੰਜਾਬ ਦੀ ਕਾਨੂੰਨੀ ਟੀਮ ਨੇ ਸਿਖਰਲੀ ਅਦਾਲਤ ਵਿਚ ਕਿਹਾ ਕਿ ਇਸ ਵੇਲੇ ਸੂਬੇ ਵਿਚ ਨਹਿਰ ਲਈ ਨਾ ਜ਼ਮੀਨ ਹੈ, ਨਾ ਹੀ ਵਾਧੂ ਪਾਣੀ ਹੈ। ਅਦਾਲਤ ਵਿਚ ਪੰਜਾਬ ਨੇ ਪੱਖ ਰੱਖਿਆ ਕਿ ਮੌਜੂਦਾ ਸਮੇਂ ਪਾਣੀ ਦੀ ਉਪਲੱਬਧਤਾ ਹੀ ਨਹੀਂ ਹੈ ਤਾਂ ਨਹਿਰ ਦੀ ਉਸਾਰੀ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਦੋ ਸੂਬਿਆਂ ਵਿਚ ਦਹਾਕਿਆਂ ਤੋਂ ਚੱਲ ਰਹੇ ਵਵਾਦ ਨੂੰ ਸੁਲਝਾਉਣ ਲਈ ਵਿਚੋਲਗੀ ਭੂਮਿਕਾ ਸਰਗਰਮੀ ਨਾਲ ਨਿਭਾਏ।



### ਅਕਾਲੀ ਦਲ ਵੱਲੋਂ ਕੇਂਦਰੀ ਸਰਵੇਖਣ ਟੀਮਾਂ ਦੇ ਘਿਰਾਓ ਦਾ ਐਲਾਨ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਜਦੋਂ ਕੇਂਦਰੀ ਟੀਮਾਂ ਐੱਸਵਾਈਐੱਲ ਨਹਿਰ ਦਾ ਸਰਵੇਖਣ ਕਰਨ ਸੂਬੇ ਵਿੱਚ ਆਉਣ ਤਾਂ ਉਨ੍ਹਾਂ ਦਾ ਘਿਰਾਓ ਕੀਤਾ ਜਾਵੇ ਅਤੇ ਪਾਰਟੀ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਕਿਸੇ ਵੀ ਕੁਰਬਾਨੀ ਵਾਸਤੇ ਤਿਆਰ ਹੈ ਪਰ ਕਿਸੇ ਵੀ ਕੀਮਤ 'ਤੇ ਪੰਜਾਬ 'ਚ ਐੱਸਵਾਈਐੱਲ ਨਹਿਰ ਦੀ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਇੱਥੇ 'ਆਪ' ਸਰਕਾਰ ਤੇ ਭਾਜਪਾ ਦੀ ਸੂਬਾ ਇਕਾਈ ਨੂੰ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਆਖਦਿਆਂ ਸਵਾਲ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਇਸ ਅਹਿਮ ਮਸਲੇ 'ਤੇ ਚੁੱਪ ਕਿਉਂ ਹਨ ਜਦੋਂ ਕਿ ਮਸਲਾ ਪੰਜਾਬ ਅਤੇ ਇਸ ਦੇ ਕਿਸਾਨਾਂ ਦੇ ਭਵਿੱਖ ਨਾਲ ਜੁੜਿਆ ਹੈ। ਮਜੀਠੀਆ ਨੇ ਕਿਹਾ ਕਿ ਕਿਸੇ ਵੀ ਸਰਵੇਖਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਐੱਸਵਾਈਐੱਲ ਲਈ ਐਕੁਆਇਰ ਕੀਤੀ 4,500 ਏਕੜ ਜ਼ਮੀਨ ਇਸ ਦੇ 21,000 ਅਸਲ ਮਾਲਕਾਂ ਨੂੰ ਮੁਫ਼ਤ ਵਿੱਚ ਵਾਪਸ ਕਰ ਦਿੱਤੀ ਗਈ ਸੀ। ਮਜੀਠੀਆ ਨੇ ਕਿਹਾ ਕਿ ਸਰਕਾਰ ਨੇ ਇਕ ਡੂੰਘੀ ਸਾਜ਼ਿਸ਼ ਤਹਿਤ ਸੁਪਰੀਮ ਕੋਰਟ ਵਿਚ ਐਸਵਾਈਐੱਲ ਨਹਿਰ ਦੇ ਮਾਮਲੇ 'ਤੇ ਪੰਜਾਬ ਦਾ ਕੇਸ ਕਮਜ਼ੋਰ ਕੀਤਾ ਹੈ। *(ਬਾਕੀ ਸਫ਼ਾ 6 'ਤੇ)*


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਈਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪੰਜਾਬ ਭਵਨ ਸਰੀ ਵਲੋਂ ਕੌਮਾਂਤਰੀ ਪੰਜਾਬੀ ਸੰਮੇਲਨ 8-9 ਅਕਤੂਬਰ ਨੂੰ

## • ਪੰਜਾਬੀ ਸੰਮੇਲਨ 'ਚ ਸਾਹਿਤ, ਚੇਤਨਤਾ ਤੇ ਪਰਵਾਸ 'ਤੇ ਹੋਵੇਗੀ ਚਰਚਾ-ਸੁੱਖੀ ਬਾਠ • ਪੰਜਾਬੀ ਵਿਦਿਆਰਥੀਆਂ ਲਈ ਚਣੌਤੀਆਂ ਤੇ ਭਵਿੱਖ ਵੀ ਹੋਵੇਗਾ ਮੁੱਦਾ

ਸਰੀ (ਜੋਗਿੰਦਰ ਸਿੰਘ)- ਕੈਨੇਡਾ ਦੇ ਸਰੀ ਸ਼ਹਿਰ 'ਚ ਹੋਣ ਵਾਲੇ ਪੰਜਵੇਂ ਪੰਜਾਬੀ ਸਾਹਿਤ ਤੇ ਸਭਿਆਚਾਰਕ ਸੰਮੇਲਨ ਦੌਰਾਨ ਇਸ ਵਾਰ ਪੰਜਾਬੀ ਬੋਲੀ, ਸਾਹਿਤ, ਚੇਤਨਤਾ ਅਤੇ ਪਰਵਾਸ ਦੇ ਮੁੱਖ ਮੁੱਦਿਆਂ 'ਤੇ ਉਸਾਰੂ ਚਰਚਾ ਦੇ ਨਾਲ -ਨਾਲ ਕੈਨੇਡਾ 'ਚ ਪੰਜਾਬੀ ਵਿਦਿਆਰਥੀਆਂ ਦੀ ਆਮਦ, ਉਨ੍ਹਾਂ ਨੂੰ ਦਰਪੇਸ਼ ਚਣੌਤੀਆਂ ਤੇ ਭਵਿੱਖ ਨੂੰ ਲੈ ਕੇ ਵੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਮਿਨੀ ਪੰਜਾਬ ਵਜੋਂ ਜਾਣੇ ਜਾਂਦੇ ਸਰੀ ਸ਼ਹਿਰ 'ਚ ਹੋਣ ਵਾਲੇ ਸੰਮੇਲਨ ਦੇ ਮੁੱਖ ਪ੍ਰਬੰਧਕ ਸੁੱਖੀ ਬਾਠ ਨੇ ਪੰਜਾਬ ਫੇਰੀ ਤੋਂ ਵਾਪਸ ਪਰਤ ਕੇ ਸੰਮੇਲਨ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਪੰਜਾਬ ਭਵਨ ਵਿਖੇ ਮੀਟਿੰਗ ਵੀ ਕੀਤੀ। ਉਨ੍ਹਾਂ ਮੀਟਿੰਗ ਤੋਂ ਬਾਅਦ ਗੱਲਬਾਤ ਦੌਰਾਨ ਕਿਹਾ ਕਿ ਹਮੇਸ਼ਾ ਵਾਂਗ ਇਸ ਵਾਰ ਪੰਜਾਬੀ ਸਾਹਿਤ, ਚੇਤਨਤਾ ਤੇ ਪਰਵਾਸ ਬਾਰੇ ਮਾਹਿਰਾਂ ਦੇ ਵਿਚਾਰ ਹੋਣਗੇ, ਜੋ ਭਵਿੱਖ ਲਈ ਨਵੀਂ ਰਣਨੀਤੀ ਦੱਸਣਗੇ ਅਤੇ ਇਸ ਦੇ ਨਾਲ ਪੰਜਾਬੀ ਵਿਦਿਆਰਥੀਆਂ ਦੀ ਕੈਨੇਡਾ 'ਚ ਆਮਦ, ਉਨ੍ਹਾਂ ਦੀਆਂ ਸਮੱਸਿਆਵਾਂ ਤੇ ਭਵਿੱਖ ਨੂੰ ਲੈ ਕੇ ਵੀ ਵਿਚਾਰ ਹੋਣਗੇ ਤਾਂ ਜੋ ਵਿਦਿਆਰਥੀਆਂ ਲਈ ਇਥੇ ਸੁਖਾਵਾਂ ਮਹੌਲ ਬਣ ਸਕੇ। ਸੁੱਖੀ ਬਾਠ ਨੇ ਦੱਸਿਆ ਕਿ ਸੰਮੇਲਨ ਦੌਰਾਨ ਹੋਰ ਵੀ ਦੇਸ਼ਾਂ ਤੋਂ ਬੁੱਧੀਜੀਵੀ, ਚਿੰਤਕ ਤੇ ਲੋਕ ਪੱਖੀ ਭਾਵਨਾ ਰੱਖਣ ਵਾਲੀਆਂ ਸ਼ਖ਼ਸੀਅਤਾਂ ਪੁੱਜ ਰਹੀਆਂ ਹਨ। ਸੁੱਖੀ ਬਾਠ ਨੇ ਕਿਹਾ ਕਿ ਪੰਜਾਬੀ ਭਵਨ ਕੈਨੇਡਾ 'ਚ ਪੰਜਾਬੀਆਂ ਦਾ ਅਜਿਹਾ ਮੰਚ ਹੈ, ਜਿਥੇ ਬੈਠ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਹੁੰਦੀ ਹੈ ਤੇ ਆਪਣੀ ਮਾਤ ਭੂਮੀ ਦੇ ਨਾਲ ਲੋਕ ਮੁੱਦਿਆਂ 'ਤੇ ਵੀ ਚਰਚਾ ਅਤੇ ਇਨ੍ਹਾਂ ਦੇ ਹੱਲ ਬਾਰੇ ਇਕ ਰਾਇ ਵੀ ਲਾਮਬੰਦ ਕੀਤੀ ਜਾਂਦੀ ਹੈ। ਸ. ਬਾਠ ਨੇ ਕਿਹਾ ਕਿ 8 ਤੇ 9 ਅਕਤੂਬਰ ਨੂੰ ਹੋਣ ਵਾਲੇ ਸੰਮੇਲਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਅਤੇ ਉਹ ਪੰਜਾਬ ਫੇਰੀ ਦੌਰਾਨ ਵੀ ਸੰਮੇਲਨ ਦੀ ਸਫ਼ਲਤਾ ਲਈ ਲੋਕ ਰਾਇ ਲੈ ਕੇ ਆਏ ਹਨ ◦ ਸ. ਬਾਠ ਨੇ ਇਸ ਸਮੇਂ ਪੰਜਾਬ 'ਚ ਚੁਫੇਰੇ ਚਰਚਾ 'ਚ ਬਣੇ ਵਿਦਿਆਰਥੀਆਂ ਦੇ ਪਰਵਾਸ ਦੇ ਮੁੱਦੇ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਪਰਵਾਸ ਭਾਵੇਂ ਸਦੀਆਂ ਤੋਂ ਚਲਦਾ ਆ ਰਿਹਾ ਹੈ ਤੇ ਕੈਨੇਡਾ ਹਮੇਸ਼ਾ ਪੰਜਾਬੀਆਂ ਦੀ ਚਾਹਤ ਭੂਮੀ ਰਹੀ ਹੈ ਤੇ ਪੰਜਾਬੀ ਵਿਦਿਆਰਥੀਆਂ ਦਾ ਵੀ ਕੈਨੇਡਾ ਵੱਲ ਰੁਝਾਨ, ਇਸੇ ਰੁਝਾਨ ਦਾ ਹੀ ਹਿੱਸਾ ਹੈ ਤੇ ਇਹ ਵਿਦਿਆਰਥੀ ਵੀ ਆਪਣੇ ਰੌਸ਼ਨ ਭਵਿੱਖ ਤੇ ਰੁਜਗਾਰ ਲਈ ਵਿਦੇਸ਼ਾਂ ਵੱਲ ਰੁਖ ਕਰ ਰਹੇ ਹਨ ◦ ਉਨ੍ਹਾਂ ਕਿਹਾ ਕਿ ਇਸ ਸਮੇਂ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਕੈਨੇਡਾ ਸਮੇਤ ਹੋਰ ਦੇਸ਼ਾਂ 'ਚ ਜਿਥੇ ਸਾਡੇ ਵਿਦਿਆਰਥੀ ਆ ਰਹੇ ਹਨ ਜਾਂ ਆਉਣ ਦੀ ਤਿਆਰੀ ਕਰ ਰਹੇ ਹਨ, ਉਨ੍ਹਾਂ ਲਈ ਵਿਦੇਸ਼ਾਂ 'ਚ ਦਰਪੇਸ਼ ਚਣੌਤੀਆਂ ਦਾ ਅਸੀਂ ਕਿਸ ਤਰਾਂ ਹੱਲ ਕਰੀਏ ◦ ਇਸ ਸਮੇਂ



ਕੈਨੇਡਾ 'ਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਰੁਜਗਾਰ ਨਾ ਮਿਲਣਾ, ਰਹਾਇਸ਼ ਦਾ ਪ੍ਰਬੰਧ ਨਾ ਹੋਣਾ ਜੇ ਹੋਣਾ ਤਾਂ ਭਾਰੀ ਕਿਰਾਏ ਨਾ ਭਰੇ ਜਾਣਾ, ਵਧਦੀ ਮਹਿੰਗਾਈ ਤੇ ਦੂਸਰੇ ਪਾਸੇ ਕਈ ਮਾੜੀ ਭਾਵਨਾ ਵਾਲੇ ਲੋਕਾਂ ਤੇ ਵਿੱਦਿਅਕ ਅਦਾਰਿਆਂ ਦੇ ਮਾਲਕਾਂ ਵਲੋਂ ਵਿਦਿਆਰਥੀਆਂ ਨਾਲ ਖਿਲਵਾੜ ਕਰਨਾ ਹੋਰ ਵੀ ਚਿੰਤਤ ਕਰਨ ਵਾਲੇ ਮੁੱਦੇ ਹਨ, ਜਿਨ੍ਹਾਂ ਦੇ ਹੱਲ ਲਈ ਪੰਜਾਬੀਆਂ ਦੇ ਨਾਲ ਵਿਦਿਆਰਥੀਆਂ ਦੇ ਮਾਪਿਆਂ ਨੂੰ ਜਿੰਮੇਵਾਰੀ ਪਹਿਚਾਨਣੀ ਪਵੇਗੀ, ਜੋ ਸਮੇਂ ਦੀ ਅਹਿਮ ਲੋੜ ਹੈ। ਸ. ਬਾਠ ਨੇ ਦੱਸਿਆ ਕਿ ਪੰਜਾਬ ਭਵਨ ਵਲੋਂ ਇਕ ਅਜਿਹਾ ਛੋਟਾ ਕਿਤਾਬਚਾ ਵੀ ਛਪਵਾਇਆ ਗਿਆ, ਜੋ ਉਹ ਪੰਜਾਬ ਦੇ ਵਿੱਦਿਅਕ ਅਦਾਰਿਆਂ ਦੇ ਦੌਰੇ ਦੌਰਾਨ ਵੰਡ ਕੇ ਆਏ ਹਨ , ਜੋ ਵਿਦਿਆਰਥੀਆਂ ਲਈ ਜਾਣਕਾਰੀ ਭਰਪੂਰ ਸੀ। ਸ. ਬਾਠ ਇਸ ਮੁੱਦੇ 'ਤੇ ਸਮੇਂ ਦੀਆਂ ਸਰਕਾਰਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਗੰਭੀਰ ਹੋਣ ਦਾ ਸੱਦਾ ਦਿੱਤਾ ◦ ਉਨ੍ਹਾਂ ਇਸ ਦੇ ਨਾਲ ਹੀ ਵਿਦੇਸ਼ਾਂ 'ਚ ਬੈਠੇ ਪੰਜਾਬੀ ਭਾਈਚਾਰੇ ਦੀਆਂ ਆਪਣੀ ਮਾਤ ਭੂਮੀ ਨਾਲ ਜੁੜੀਆਂ ਭਾਵਨਾਵਾਂ ਦਾ ਜਿਕਰ ਕਰਦਿਆਂ, ਪ੍ਰਵਾਸੀ ਪੰਜਾਬੀਆਂ ਵਲੋਂ ਆਪਣੀ ਮਾਤ ਭੂਮੀ ਦੇ ਸਰਵਪੱਖੀ ਵਿਕਾਸ ਲਈ ਨਿਭਾਈ ਜਾਂਦੀ ਭੂਮਿਕਾ ਦਾ ਜਿਕਰ ਕੀਤਾ ◦ ਉਨ੍ਹਾਂ ਭਰੋਸਾ ਦਿੱਤਾ ਕਿ ਵਿਦੇਸ਼ਾਂ 'ਚ ਬੈਠੇ ਪੰਜਾਬੀ ਆਪਣੇ ਭਾਈਚਾਰੇ ਦੇ ਹੱਕਾਂ ਤੇ ਹਿੱਤਾਂ ਅਤੇ ਪੰਜਾਬੀ ਮਾਂ ਬੋਲੀ ਤੇ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਯਤਨ ਜਾਰੀ ਰੱਖਣਗੇ।




# ਜੇਕਰ ਡੈਲਟਾ ਸ਼ਹਿਰ ਵਿਚ 3607 ਹੋਰ ਘਰ ਬਣਾਉਣੇ ਹਨ ਤਾਂ ਬੀਸੀ ਮਦਦ ਕਰੇ-ਮੇਅਰ

ਸਰੀ-ਡੈਲਟਾ ਸਿਟੀ ਦੇ ਮੇਅਰ ਨੇ ਕਿਹਾ ਕਿ ਡੈਲਟਾ ਸ਼ਹਿਰ ਵਿਚ 3607 ਹੋਰ ਘਰ ਬਣਾਉਣ ਲਈ ਸੂਬਾ ਸਰਕਾਰ ਤੋਂ ਮਦਦ ਦੀ ਲੋੜ ਹੈ। ਪਿਛਲੇ ਦਿਨੀ ਮਕਾਨ ਉਸਾਰੀ ਮੰਤਰੀ ਰਵੀ ਕਾਹਲੋਂ ਨੇ ਟੀਚਿਆਂ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਮਕਾਨਾਂ ਦਾ ਸੰਕਟ ਲੋਕਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਆਰਥਿਕਤਾ ਨੂੰ ਰੋਕ ਰਿਹਾ ਹੈ ਅਤੇ ਉਨ੍ਹਾਂ ਸੇਵਾਵਾਂ 'ਤੇ ਅਸਰ ਪਾ ਰਿਹਾ ਹੈ ਜਿਨ੍ਹਾਂ 'ਤੇ ਲੋਕ ਨਿਰਭਰ ਹਨ। ਕਾਹਲੋਂ ਨੇ ਕਿਹਾ ਕਿ ਅਸੀਂ ਕਾਰਵਾਈ ਕਰ ਰਹੇ ਹਾਂ ਅਤੇ ਮਿਉਂਸਪਲ ਭਾਈਵਾਲਾਂ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਸਭ ਤੋਂ ਵੱਧ ਘਰਾਂ ਦੀ ਲੋੜ ਵਾਲੀਆਂ ਕਮਿਊਨਿਟੀਜ਼ ਵਿਚ ਹੋਰ ਘਰ ਬਣਾਏ ਜਾਣ। ਮਈ ਮਹੀਨੇ ਮਕਾਨ ਟੀਚਾ ਮੁਲਾਂਕਣ ਲਈ ਚੁਣੀਆਂ ਗਈਆਂ ਪਹਿਲੀਆਂ 10 ਮਿਉਂਸਪਲਟੀਜ਼ ਵਿਚ ਡੈਲਟਾ ਸ਼ਾਮਿਲ ਹੈ। ਦੂਸਰੀਆਂ ਚੁਣੀਆਂ ਗਈਆਂ ਮਿਉਂਸਪਲਟੀਜ਼ ਵਿਚ ਵੈਨਕੂਵਰ, ਐਬਟਸਫੋਰਡ, ਪੋਰਟ ਮੂਡੀ, ਨੌਰਥ ਵੈਨਕੂਵਰ ਡਿਸਟ੍ਰਿਕਟ, ਵੈਸਟ ਵੈਨਕੂਵਰ, ਵਿਕਟੋਰੀਆ, ਸਾਨਿਚ, ਓਕ ਬੇਅ ਅਤੇ ਕੈਮਲੂਪਸ ਸ਼ਾਮਿਲ ਹਨ।






# ਇਸ ਸਾਲ ਦੇ ਸਕੋਲਸਟਿਕ ਕਿਡਸ ਪ੍ਰੈੱਸ ਪ੍ਰੋਗਰਾਮ ਲਈ ਚੁਣੇ 28 ਵਿਦਿਆਰਥੀ ਪੱਤਰਕਾਰਾਂ ਵਿਚ ਸਰੀ ਦੀ 11 ਸਾਲਾ ਲੋਫ ਸ਼ਾਮਿਲ

ਸਰੀ-ਇਸ ਸਾਲ ਦੇ ਸਕੋਲਸਟਿਕ ਕਿਡਸ ਪ੍ਰੈਸ ਪ੍ਰੋਗਰਾਮ ਲਈ ਚੁਣੇ ਗਏ 28 ਵਿਦਿਆਰਥੀ ਪੱਤਰਕਾਰਾਂ ਵਿਚ ਸਰੀ ਦੀ 11 ਸਾਲਾ ਜੇਡ ਲੋਫ ਇਕਲੌਤੀ ਕੈਨੇਡੀਅਨ ਲੜਕੀ ਹੈ। 6ਵੀਂ ਜਮਾਤ ਵਿਚ ਪੜ੍ਹਦੀ ਜੇਡ ਜਿਹੜੀ ਕਲੋਵਰਡੇਲ ਇਲਾਕੇ ਵਿਚ ਰਹਿੰਦੀ ਹੈ ਅਤੇ ਦੁਨੀਆ ਭਰ ਦੇ ਉਭਰ ਰਹੇ ਪੱਤਰਕਾਰਾਂ ਲਈ ਇਹ ਇਕ ਵੱਡੀ ਖ਼ਬਰ ਹੈ। ਹਰੇਕ ਸਾਲ 10 ਤੋਂ 14 ਸਾਲ ਦੇ ਕਿਡ ਪੱਤਰਕਾਰ ਨਿਊਜ਼ਮੇਕਰਾਂ ਦੀ ਇੰਟਰਵਿਊ ਲੈਂਦੇ ਹਨ ਅਤੇ ਉਨ੍ਹਾਂ ਮੁੱਦਿਆਂ 'ਤੇ ਗੱਲਬਾਤ ਕਰਦੇ ਹਨ ਜਿਸ ਵਿਚ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਰੁਚੀ ਹੁੰਦੀ ਹੈ। 27 ਸਤੰਬਰ ਨੂੰ ਇਸ ਸਾਲ ਦੇ ਬੱਚਿਆਂ ਦੀ ਚੋਣ ਕਰਨ ਵਾਲੀ ਵੈੱਬਸਾਈਟ ਸਕੋਲਸਟਿਕ ਡਾਟ ਕਾਮ ਦੀ ਰਿਲੀਜ਼ ਮੁਤਾਬਿਕ ਆਸ ਹੈ ਕਿ ਇਹ ਬੱਚੇ ਅਹਿਮ ਸੋਚ, ਖੋਜ ਅਤੇ ਰਿਪੋਰਟਿੰਗ ਦੇ ਹੁਨਰਾਂ ਨੂੰ ਵਿਕਸਤ ਕਰਦੇ ਹੋਏ ਅਨਮੋਲ ਅਸਲ ਦੁਨੀਆਂ ਦਾ ਅਨੁਭਵ ਪ੍ਰਾਪਤ ਕਰਨਗੇ। ਚੁਣੇ ਗਏ ਵਿਦਿਆਰਥੀ ਪੱਤਰਕਾਰਾਂ ਵਿਚ 17 ਅਮਰੀਕੀ ਰਾਜਾਂ ਅਤੇ ਅੱਠ ਦੂਸਰੇ ਦੇਸ਼ਾਂ ਦੇ ਹਨ ਜਿਨ੍ਹਾਂ ਵਿਚ ਕੈਨੇਡਾ, ਆਸਟਰੇਲੀਅਨ, ਚੀਨ, ਜਪਾਨ, ਮਲੇਸ਼ੀਆ, ਫਿਲਪਾਈਨ, ਸਿੰਗਾਪੁਰ ਅਤੇ ਦੱਖਣੀ ਕੋਰੀਆ ਦੇ ਵਿਦਿਆਰਥੀ ਪੱਤਰਕਾਰ ਹਨ। ਜੇਡ ਨੇ ਪਿਛਲੇ ਬਸੰਤ ਮੌਸਮ ਵਿਚ ਅਪਲਾਈ ਕੀਤਾ ਸੀ ਜਦੋਂ ਉਸ ਦੀ ਪੰਜਵੀਂ ਕਲਾਸ ਖਤਮ ਹੋਣ ਦੇ ਨੇੜੇ ਪਹੁੰਚੀ ਹੋਈ ਸੀ। ਉਸ ਦੀ ਮਾਂ ਜੈਨਿਸ ਦੱਸਦੀ ਹੈ ਕਿ ਅਪਲਾਈ ਕਰਨ ਲਈ ਕਈ ਦਸਤਾਵੇਜ਼ ਇਕੱਤਰ ਕਰਨੇ ਪਏ ਸਨ ਜਿਸ ਵਿਚ ਪ੍ਰਸ਼ਨਾਵਲੀ, ਨਿੱਜੀ ਲੇਖ, ਕੁਝ ਕਹਾਣੀ ਵਿਚਾਰ ਅਤੇ ਇਕ ਕਹਾਣੀ ਦਾ ਨਮੂਨਾ ਸ਼ਾਮਿਲ ਸੀ। ਉਹ ਦੱਸਦੀ ਹੈ ਕਿ ਉਸ ਦੀ ਧੀ ਨੇ ਜਦੋਂ ਦੀ ਪੈਨਸਲ ਫੜਨੀ ਸਿੱਖੀ ਹੈ ਉਸ ਸਮੇਂ ਤੋਂ ਉਹ ਕਹਾਣੀਕਾਰ ਰਹੀ ਹੈ। ਦੋ ਹਫ਼ਤੇ ਪਹਿਲਾਂ ਸਕੋਲਸਿਟਕ ਕਿਡਸ ਪ੍ਰੈਸ ਦੇ ਲੋਕਾਂ ਤੋਂ ਉਸ ਨੂੰ ਚੰਗੀ ਖ਼ਬਰ ਬਾਰੇ ਈ-ਮੇਲ ਮਿਲੀ ਸੀ।



## 65 ਕਿਲੋ ਕੋਕੀਨ ਬਰਾਮਦਗੀ ਮਾਮਲੇ ਵਿਚ ਟਰੱਕ ਡਰਾਈਵਰ ਨੂੰ ਦੋਸ਼ਾਂ ਦਾ ਸਾਹਮਣਾ

ਸਰੀ-ਦੱਖਣੀ ਸਰੀ ਵਿਚ ਪੈਸੀਫਿਕ ਹਾਈਵੇਅ ਬਾਰਡਰ ਲਾਂਘੇ 'ਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਪਿੱਛੋਂ ਅਲਬਰਟਾ ਦਾ ਇਕ ਟਰੱਕ ਡਰਾਈਵਰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਸੀਬੀਐਸਏ ਵਲੋਂ 4 ਅਕਤੂਬਰ ਨੂੰ ਜਾਰੀ ਰਿਲੀਜ਼ ਮੁਤਾਬਿਕ ਇਕ ਵਪਾਰਕ ਟਰੱਕ ਦੀ ਤਲਾਸ਼ੀ ਦੌਰਾਨ ਚਾਰ ਡੱਬਿਆ ਬਾਰੇ ਖੋਜੀ ਕੁੱਤੇ ਵਲੋਂ ਚੌਕਸ ਕਰਨ ਪਿੱਛੋਂ 16 ਜੁਲਾਈ ਨੂੰ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਲਗਪਗ 65 ਕਿਲੋ ਕੋਕੀਨ ਬਰਾਮਦ ਕੀਤੀ ਸੀ। ਐਡਮਿੰਟਨ ਵਾਸੀ ਡਰਾਈਵਰ ਕੈਲਗਰੀ ਏਬੀ ਲਈ ਸੁੱਕੀਆਂ ਵਸਤਾਂ ਦੀ ਖੇਪ ਲੈ ਕੇ ਜਾ ਰਿਹਾ ਸੀ। ਬੀਸੀ ਆਰਸੀਐਮਪੀ ਦੀ ਫੈਡਰਲ ਸੀਰੀਅਸ ਐਂਡ ਆਰਗਨਾਈਜ਼ਡ ਕਰਾਈਮ ਯੂਨਿਟ ਨੇ ਗ੍ਰਿਫ਼ਤਾਰੀ ਪਿੱਛੋਂ ਡਰਾਈਵਰ ਨੂੰ ਜ਼ਬਤ ਕੀਤੇ ਪਦਾਰਥਾਂ ਸਮੇਤ ਹਿਰਾਸਤ ਵਿਚ ਲੈ ਲਿਆ ਅਤੇ ਡਰਾਈਵਰ ਹੁਣ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਪੈਸੀਫਿਕ ਰੀਜਨ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਰੀਜਨਲ ਡਾਇਰੈਕਟਰ ਜਨਰਲ ਨੀਨਾ ਪਟੇਲ ਨੇ ਇਕ ਬਿਆਨ ਵਿਚ ਦੱਸਿਆ ਕਿ ਕੋਕੀਨ ਸਾਡੇ ਸੀਬੀਐਸਏ ਅਧਿਕਾਰੀਆਂ ਅਤੇ ਡਿਟੈਕਟਰ ਡਾਗ ਸਰਵਿਸ ਦੀ ਸਖਤ ਮਿਹਨਤ ਤੇ ਮੁਹਾਰਤ ਦਾ ਨਤੀਜਾ ਹੈ।

## 2022 ਦੀ ਗੋਲੀਬਾਰੀ ਲਈ ਤਿੰਨ ਵਿਅਕਤੀਆਂ ਖਿਲਾਫ ਫਸਟ ਡਿਗਰੀ ਕਤਲ ਦੇ ਦੋਸ਼ ਆਇਦ

ਸਰੀ-ਤਿੰਨ ਵਿਅਕਤੀਆਂ ਖਿਲਾਫ ਨਵੰਬਰ 2022 ਨੂੰ 24 ਸਾਲਾ ਪਵਨਦੀਪ ਚੋਪੜਾ ਨੂੰ ਗੋਲੀ ਮਾਰ ਕੇ ਕਤਲ ਕਰਨ ਅਤੇ ਕਤਲ ਦੀ ਸਾਜਿਸ਼ ਕਰਨ ਦੇ ਦੋਸ਼ ਲਗਾਏ ਗਏ ਹਨ। ਚੋਪੜਾ ਨੂੰ 3 ਨਵੰਬਰ ਨੂੰ ਸਰੀ ਮੈਮੋਰੀਅਲ ਹਸਪਤਾਲ ਲਿਜਾਇਆ ਗਿਆ ਸੀ ਜਿਥੇ ਦੋ ਦਿਨ ਬਾਅਦ ਉਸ ਦੀ ਮੌਤ ਹੋ ਗਈ ਸੀ। ਲਗਪਗ ਇਕ ਸਾਲ ਪਿੱਛੋਂ ਤਿੰਨ ਅਕਤੂਬਰ ਨੂੰ ਨਿਊਯਾਰਕ ਦੇ 24 ਸਾਲਾ ਲੈਸਲ ਟਿੰਡੇਲ , ਓਨਟਾਰੀਓ ਵਿਚ ਬਰੈਂਪਟਨ ਵਾਸੀ 22 ਸਾਲਾ ਸੇਗੋਵੀਆ-ਸਨਹੁਏਜ਼ਾ ਅਤੇ ਐਬਟਸਫੋਰਡ ਦੇ 25 ਸਾਲਾ ਟੇਰੀ ਮੈਕਡੋਨਾਲਡ ਖਿਲਾਫ ਫਸਟ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਬੁਲਾਰੇ ਸਾਰਜੈਂਟ ਟਿਮੋਥੀ ਪਿਰੋਟੀ ਨੇ ਦੱਸਿਆ ਕਿ ਇਹ ਗੁੰਝਲਦਾਰ ਜਾਂਚ ਸੀ ਜਿਹੜੀ ਕਈ ਸੂਬਿਆਂ ਤਕ ਫੈਲੀ ਹੋਈ ਸੀ। ਉਹ ਜਾਂਚ ਵਿਚ ਸਹਿਯੋਗ ਕਰਨ ਵਾਲੇ ਸਰੀ ਆਰਸੀਐਮਪੀ, ਵੈਸਟ ਕਲੋਵਨਾ ਆਰਸੀਐਮਪੀ, ਪੀਲ ਰੀਜਨਲ ਪੁਲਿਸ ਸਰਵਿਸ ਅਤੇ ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਦਾ ਧੰਨਵਾਦ ਕਰਨਾ ਚਾਹੁੰਦੇ ਹਨ।

## ਗਦਾਫੀ ਦੀ ਕੈਨੇਡਾ 'ਚ ਜਾਇਦਾਦ ਬਾਰੇ ਖੁਲਾਸਾ ਕਰਨ ਪਿੱਛੋਂ ਲਿਬੀਆ ਦਾ ਸਾਬਕਾ ਰਾਜਦੂਤ ਗ੍ਰਿਫ਼ਤਾਰ

ਤ੍ਰਿਪੋਲੀ-ਲਿਬੀਆ ਦੇ ਮਰਹੂਮ ਤਾਨਾਸ਼ਾਹ ਮੋਆਮਰ ਗੱਦਾਫੀ ਦੇ ਕੈਨੇਡੀਅਨ ਬੈਂਕ ਖਾਤਿਆਂ ਅਤੇ ਉਸ ਦੇ ਪੁੱਤਰ ਸਾਦੀ ਗੱਦਾਫੀ ਦੀ ਮਾਲਕੀਅਤ ਵਾਲੇ ਟੋਰਾਂਟੋ ਪੈਂਟਹਾਊਸ ਨਾਲ ਸਬੰਧਿਤ ਦਸਤਾਵੇਜ਼ਾਂ ਨੂੰ ਸਾਂਭ ਲੈਣ ਦਾ ਖੁਲਾਸਾ ਕਰਨ ਪਿੱਛੋਂ ਕੈਨੇਡਾ ਵਿਚ ਲਿਬੀਆ ਦੇ ਸਾਬਕਾ ਰਾਜਦੂਤ ਨੂੰ ਉਸ ਦੇ ਦੇਸ਼ ਵਿਚ ਗ੍ਰਿਫ਼ਤਾਰ ਕਰ ਲਿਆ ਹੈ। 2013 ਤੋਂ 2017 ਤਕ ਕੈਨੇਡਾ ਵਿਚ ਲਿਬੀਆ ਦੇ ਚੋਟੀ ਦੇ ਦੂਤ ਰਹੇ ਫਥੀ ਬਾਜਾ ਨੇ ਇਸ ਸਾਲ ਦੇ ਸ਼ੁਰੂ ਵਿਚ ਦੀ ਗਲੋਬ ਐਂਡ ਮੇਲ ਕੋਲ ਇਹ ਖੁਲਾਸਾ ਕੀਤਾ ਸੀ ਕਿ ਓਟਵਾ ਛੱਡਣ ਪਿੱਛੋਂ ਉਸ ਨੇ ਦਸਤਾਵੇਜ਼ ਛੁਪਾ ਲਏ ਸਨ ਕਿਉਂਕਿ ਉਹ ਪੈਸਾ ਤੇ ਲਗਜ਼ਰੀ ਜਾਇਦਾਦ ਭ੍ਰਿਸ਼ਟ ਅਧਿਕਾਰੀਆਂ ਦੇ ਹੱਥਾਂ ਵਿਚ ਜਾਣ ਤੋਂ ਚਿੰਤਤ ਸੀ। ਮਾਮਲੇ ਨਾਲ ਜੁੜੇ ਇਕ ਵਿਅਕਤੀ ਮੁਤਾਬਿਕ ਉਸ ਵਲੋਂ ਗੁਪਤ ਰਿਕਾਰਡ ਲਿਬੀਅਨ ਅਧਿਕਾਰੀਆਂ ਨੂੰ ਦੇਣ ਤੋਂ ਇਨਾਕਰ ਕਰਨ ਪਿੱਛੋਂ ਇੰਟਰਨਲ ਸਕਿਓਰਟੀ ਏਜੰਸੀ ਨੇ ਬੇਨਗਾਜ਼ੀ ਵਿਚ ਉਸ ਨੂੰ ਹਿਰਾਸਤ ਵਿਚ ਲੈ ਲਿਆ। ਦੀ ਗਲੋਬ ਨੇ ਸੂਤਰ ਦੀ ਪਛਾਣ ਨਹੀਂ ਦੱਸੀ ਕਿਉਂਕਿ ਉਸ ਦੀ ਸੁਰੱਖਿਆ ਨੂੰ ਖ਼ਤਰਾ ਹੈ।

## ਗ੍ਰੀਜ਼ਲੀ ਰਿੱਛ ਦੇ ਹਮਲੇ ਵਿਚ ਮਾਰੇ ਗਏ ਜੋੜੇ ਤੇ ਕੁੱਤੇ ਦੀ ਪਛਾਣ ਹੋਈ

ਐਡਮਿੰਟਨ-ਬੈਨਫ ਨੈਸ਼ਨਲ ਪਾਰਕ ਦੇ ਉਜਾੜ ਵਾਲੇ ਇਲਾਕੇ ਵਿਚ ਗ੍ਰੀਜ਼ਲੀ ਰਿੱਛ ਦੇ ਹਮਲੇ ਵਿਚ ਮਾਰੇ ਗਏ ਜੋੜੇ ਦੇ ਪਰਿਵਾਰਕ ਮੈਂਬਰ ਨੇ ਦੱਸਿਆ ਕਿ ਜਦੋਂ ਹੀ ਉਸ ਨੂੰ ਉਨ੍ਹਾਂ ਦੇ ਸੈਟੇਲਾਈਟ ਫੋਨ ਤੋਂ ਇਕ ਮੈਸੇਜ ਨਾਲ ਕਾਲ ਆਈ ਤਾਂ ਉਸ ਨੂੰ ਤੁਰੰਤ ਹੀ ਪਤਾ ਲੱਗ ਗਿਆ ਸੀ ਕਿ ਕੁਝ ਨਾ ਕੁਝ ਗਲਤ ਹੋ ਗਿਆ ਹੈ। ਕੋਲਿਨ ਇੰਗਲਿਸ ਨੇ ਦੱਸਿਆ ਕਿ 62 ਸਾਲਾ ਉਸ ਦਾ ਭਤੀਜਾ ਡੱਗ ਇੰਗਲਿਸ ਅਤੇ ਜੇਨੀ ਗੁਸੇ ਜਿਹੜੇ ਅਲਬਰਟਾ ਵਿਚ ਲੇਥਰਬਰਿਜ ਵਿਖੇ ਰਹਿੰਦੇ ਸਨ ਵੀਕਐਂਡ 'ਤੇ ਰਿਛ ਦੇ ਹਮਲੇ ਵਿਚ ਮਾਰੇ ਗਏ ਹਨ। ਉਨ੍ਹਾਂ ਦਾ 7 ਸਾਲਾ ਬੋਰਡਰ ਕੋਲੀ ਨਾਮ ਦਾ ਟ੍ਰਿਸ ਵੀ ਮਾਰਿਆ ਗਿਆ ਸੀ। ਉਸ ਨੇ ਦੱਸਿਆ ਕਿ ਲੰਬੇ ਸਮੇਂ ਤੋਂ ਇਕੱਠਾ ਰਹਿ ਰਿਹਾ ਜੋੜਾ ਇਲਾਕੇ ਵਿਚ ਬੈਕਪੈਕਿੰਗ ਸਫਰ 'ਤੇ ਸੀ।

## ਤਲਾਸ਼ੀ ਵਾਰੰਟ ਦੇ ਤਾਮੀਲ ਕਰਦੇ ਸਮੇਂ ਮਾਰੇ ਗਏ 51 ਸਾਲਾ ਮਾਊਂਟੀ ਰਿਕ ਓ ਬ੍ਰਾਇਨ ਦਾ ਅੰਤਿਮ ਸੰਸਕਾਰ

ਲੈਂਗਲੀ-ਆਰਸੀਐਮਪੀ ਦੇ ਕੰਸਟੇਬਲ ਰਿਕ ਓ ਬ੍ਰਾਊਨ ਦਾ ਲੈਂਗਲੀ (ਬੀਸੀ) ਰੈਜਮੈਂਟਲ ਅੰਤਿਮ ਸੰਸਕਾਰ ਕੀਤਾ ਗਿਆ ਜਿਸ ਵਿਚ ਜਲੂਸ ਅਤੇ ਅੰਤਿਮ ਸਲਾਮੀ ਸ਼ਾਮਿਲ ਹੈ। 51 ਸਾਲਾ ਬ੍ਰਾਇਨ ਕੋਕੁਇਟਲਮ ਵਿਚ ਦੂਸਰੇ ਅਫਸਰਾਂ ਨਾਲ ਇਕ ਘਰ ਵਿਚ ਤਲਾਸ਼ੀ ਵਾਰੰਟ ਦੀ ਤਾਮੀਲ ਕਰਦੇ ਸਮੇਂ ਮਾਰਿਆ ਗਿਆ ਸੀ। ਸ਼ੱਕੀ ਵਿਅਕਤੀ ਨੇ ਉਸ ਨੂੰ ਗੋਲੀ ਮਾਰ ਦਿੱਤੀ ਸੀ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੋ ਹੋਰ ਅਧਿਕਾਰੀ ਤੇ ਸ਼ੱਕੀ ਜ਼ਖ਼ਮੀ ਹੋ ਗਏ ਸਨ। ਓ-ਬ੍ਰਾਇਨ ਜ਼ੋਖ਼ਮ ਵਾਲੇ ਬੱਚਿਆਂ ਲਈ ਕੰਮ ਕਰਨ ਦੇ ਕੈਰੀਅਰ ਪਿੱਛੋਂ 2016 ਵਿਚ ਪੁਲਿਸ ਵਿਚ ਸ਼ਾਮਿਲ ਹੋਇਆ ਸੀ।

## ਕਾਨੂੰਨੀ ਹੱਦ ਤੋਂ ਵੱਧ ਕਿਰਾਇਆ ਵਧਾਉਣ ਪਿੱਛੋਂ ਇਕ ਬਜ਼ੁਰਗ ਔਰਤ ਨੇ ਕੇਸ ਜਿੱਤਿਆ

ਸਰੀ-ਨੈਲਸਨ ਸੀਨੀਅਰਜ਼ ਹਾਊਸਿੰਗ ਕੰਪਲੈਕਸ ਵਿਚ ਰਹਿ ਰਹੀ ਡਿਕਸੀ ਚੈਂਪ ਨੇ ਆਪਣੇ ਲੈਂਡਲਾਰਡ ਗੋਲਡਨ ਲਾਈਫ ਮੈਨੇਜਮੈਂਟ ਲਿਮਟਿਡ ਵਲੋਂ ਕਿਰਾਏ ਵਿਚ ਕੀਤੇ ਵਾਧੇ ਵਿਰੁੱਧ ਕੇਸ ਜਿੱਤ ਲਿਆ ਹੈ। ਭਾਵੇਂ ਇਹ ਫ਼ੈਸਲਾ ਕੇਵਲ ਚੈਂਪ 'ਤੇ ਲਾਗੂ ਹੁੰਦਾ ਹੈ ਪਰ ਇਹ ਉਸੇ ਇਮਾਰਤ ਵਿਚ ਰਹਿੰਦੇ ਦੂਸਰੇ ਦਰਜਨਾਂ ਵਾਸੀਆਂ ਅਤੇ ਸ਼ਾਇਦ ਸੂਬੇ ਭਰ ਦੇ ਦੂਸਰੇ ਵਾਸੀਆਂ ਦੇ ਕਿਰਾਏ ਵਿਚ ਕੀਤੇ ਵਾਧੇ ਵਿਰੁੱਧ ਪ੍ਰਭਾਵ ਪਾ ਸਕਦਾ ਹੈ। ਜੁਲਾਈ ਵਿਚ ਰਸਮੀ ਸੁਣਵਾਈ ਪਿੱਛੋਂ ਬੀਸੀ ਰੈਜ਼ੀਡੈਂਸ਼ੀਅਲ ਟੇਨੈਂਸੀ ਬਰਾਂਚ ਵਿਖੇ ਸਾਲਸ ਨੇ ਪਿਛਲੇ ਹਫ਼ਤੇ ਆਪਣਾ ਫ਼ੈਸਲਾ ਦਿੱਤਾ। ਸਾਲਸ ਨੇ ਪਾਇਆ ਕਿ ਨੈਲਸਨ ਵਿਚ ਲੇਕ ਵਿਉ ਵਿਲੇਜ ਵਿਖੇ ਚੈਂਪ ਦੇ ਅਪਾਰਟਮੈਂਟ ਲਈ ਕਿਰਾਏ ਵਿਚ 4.5 ਫ਼ੀਸਦੀ ਵਾਧਾ ਸੂਬੇ ਵਲੋਂ ਕਿਰਾਏ ਵਿਚ ਤਹਿ ਕੀਤੀ ਵਾਧਾ ਹੱਦ 2 ਫ਼ੀਸਦੀ ਨਾਲੋਂ ਜ਼ਿਆਦਾ ਹੈ। ਸੁਣਵਾਈ ਦੌਰਾਨ ਗੋਲਡਨ ਲਾਈਫ ਮੈਨੇਜਮੈਂਟ ਨੇ ਦਲੀਲ ਦਿੱਤੀ ਸੀ ਕਿ 4.5 ਫ਼ੀਸਦੀ ਵਾਧਾ ਕਿਰਾਏਦਾਰਾਂ ਨੂੰ ਪ੍ਰਤੀ ਦਿਨ ਭੋਜਨ ਦੇਣ, ਹਫ਼ਤਾਵਾਰ ਸਫਾਈ, ਕੇਬਲ, ਸ਼ਟਲ ਬੱਸ ਸਰਵਿਸ ਅਤੇ ਰਾਤ ਸਮੇਂ ਦੀ ਨਿਗਰਾਨੀ ਵਰਗੀਆਂ ਸੇਵਾਵਾਂ ਦਾ ਵਧੇ ਖਰਚ ਨੂੰ ਪੂਰਾ ਕਰਨ ਲਈ ਕੀਤਾ ਗਿਆ ਸੀ। ਕੰਪਨੀ ਨੇ ਦਲੀਲ ਦਿੱਤੀ ਕਿ ਇਹ ਸੇਵਾਵਾਂ ਕਿਰਾਏ ਦਾ ਹਿੱਸਾ ਨਹੀਂ ਅਤੇ ਉਨ੍ਹਾਂ ਦਾ ਖਰਚ ਤਾਂ ਦੋ ਫ਼ੀਸਦੀ ਤੋਂ ਵੀ ਜ਼ਿਆਦਾ ਵਧ ਸਕਦਾ ਹੈ। ਚੈਂਪ ਦਾ ਜਵਾਬ ਸੀ ਕਿ ਉਸ ਦੇ ਕਿਰਾਏ ਦੇ ਇਕਰਾਰਨਾਮੇ ਵਿਚ ਇਹ ਸੇਵਾਵਾਂ ਸ਼ਾਮਿਲ ਸਨ। ਸਾਲਸ ਚੈਂਪ ਦੀ ਦਲੀਲ ਨਾਲ ਸਹਿਮਤ ਹੋ ਗਿਆ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਆਮ ਆਦਮੀ ਪਾਰਟੀ ਦਾ ਐਮ ਪੀ ਸੰਜੈ ਸਿੰਘ ਗ੍ਰਿਫ਼ਤਾਰ

ਨਵੀਂ ਦਿੱਲੀ (ਦਿਓਲ)-ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੈ ਸਿੰਘ (51) ਨੂੰ ਦਿੱਲੀ ਆਬਕਾਰੀ ਨੀਤੀ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਹੈ। ਸੰਜੈ ਸਿੰਘ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਮਗਰੋਂ 'ਆਪ' ਦੇ ਦੂਜੇ ਹਾਈ ਪ੍ਰੋਫਾਈਲ ਆਗੂ ਹਨ, ਜਿਹਨਾਂ ਨੂੰ ਇਸ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਈਡੀ ਇਸ ਤੋਂ ਪਹਿਲਾਂ ਸਿੰਘ ਦੇ ਸਟਾਫ਼ ਤੋਂ ਵੀ ਪੁੱਛ-ਪੜਤਾਲ ਕਰ ਚੁੱਕੀ ਹੈ। ਉਧਰ 'ਆਪ' ਨੇ ਕਿਹਾ ਕਿ ਈਡੀ ਨੇ ਸਿੰਘ ਨੂੰ 'ਨਿਸ਼ਾਨਾ' ਬਣਾਇਆ ਕਿਉਂਕਿ ਉਨ੍ਹਾਂ ਸੰਸਦ ਵਿਚ ਅਡਾਨੀ ਸਮੂਹ ਨਾਲ ਜੁੜੇ ਮਸਲੇ ਰੱਖੇ ਸਨ। ਈਡੀ ਨੇ ਆਪਣੀ ਚਾਰਜਸ਼ੀਟ ਵਿੱਚ ਸੰਜੈ ਸਿੰਘ ਦੇ ਨਾਂ ਦਾ ਵੀ ਜ਼ਿਕਰ ਕੀਤਾ ਸੀ। ਚਾਰਜਸ਼ੀਟ ਮੁਤਾਬਕ ਵਿਚੋਲੀਏ ਦਨੇਸ਼ ਅਰੋੜਾ ਨੇ ਕਿਹਾ ਸੀ ਕਿ ਉਹ ਆਪਣੇ ਰੈਸਟੋਰੈਂਟ ਵਿਚ ਇਕ ਪਾਰਟੀ ਦੌਰਾਨ ਸਿੰਘ ਨੂੰ ਮਿਲਿਆ ਸੀ। ਚਾਰਜਸ਼ੀਟ ਵਿੱਚ ਕਿਹਾ ਗਿਆ ਕਿ 2020 ਵਿਚ ਸਿੰਘ ਨੇ ਅਰੋੜਾ ਨੂੰ ਕਥਿਤ ਤੌਰ 'ਤੇ ਕਿਹਾ ਕਿ ਉਹ ਅੱਗੇ ਰੈਸਟੋਰੈਂਟ ਮਾਲਕਾਂ ਨੂੰ ਦਿੱਲੀ ਅਸੈਂਬਲੀ ਚੋਣਾਂ ਲਈ ਆਮ ਆਦਮੀ ਪਾਰਟੀ ਵਾਸਤੇ ਫੰਡ ਜੁਟਾਉਣ ਲਈ ਕਹੇ। ਅਰੋੜਾ ਨੇ ਕਿਹਾ ਕਿ ਉਸ ਨੇ 82 ਲੱਖ ਰੁਪਏ ਦਾ ਚੈੱਕ ਦਿੱਤਾ ਸੀ। ਚਾਰਜਸ਼ੀਟ ਮੁਤਾਬਕ ਦਨੇਸ਼ ਅਰੋੜਾ ਨੇ ਇਹ ਗੱਲ ਵੀ ਮੰਨੀ ਕਿ ਉਹ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਕ ਵਾਰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲਿਆ ਤੇ ਇਸ ਮੌਕੇ ਸੰਜੈ ਸਿੰਘ ਵੀ ਉਸ ਦੇ ਨਾਲ ਸੀ।



# ਐੱਸਵਾਈਐੱਲ ਮਾਮਲੇ 'ਚ ਸੁਪਰੀਮ ਕੋਰਟ ਵਲੋਂ ਕੇਂਦਰ ਨੂੰ ਪੰਜਾਬ ਵਿਚ ਸਰਵੇਖਣ ਦੇ ਆਦੇਸ਼

ਸਫ਼ਾ 1 ਦੀ ਬਾਕੀ

ਉਨ੍ਹਾਂ ਕਿਹਾ ਕਿ ਜਿਸ ਦਨਿ ਪੰਜਾਬ ਨੂੰ ਆਪਣੇ ਕੇਸ ਦੀ ਪੈਰਵੀ ਕਰਨੀ ਬਹੁਤ ਜ਼ਰੂਰੀ ਸੀ, ਉਸ ਦਨਿ ਉਨ੍ਹਾਂ ਐਡਵੋਕੇਟ ਜਨਰਲ ਦਾ ਅਸਤੀਫ਼ਾ ਲੈ ਲਿਆ ਅਤੇ ਸਰਕਾਰ ਨੇ ਇਸ ਗੱਲ ਵੀ ਸਹਿਮਤੀ ਦੇ ਦਿੱਤੀ ਕਿ ਉਸ ਨੂੰ ਐੱਸਵਾਈਐੱਲ ਨਹਿਰ ਦੀ ਉਸਾਰੀ 'ਤੇ ਕੋਈ ਇਤਰਾਜ਼ ਨਹੀਂ ਹੈ। ਅਕਾਲੀ ਆਗੂ ਨੇ 'ਆਪ' ਸਰਕਾਰ ਵੱਲੋਂ ਵਿਸ਼ੇਸ਼ ਕੈਬਨਿਟ ਮੀਟਿੰਗ ਸੱਦਣ ਦੇ ਬਾਵਜੂਦ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਵਾਸਤੇ ਠੋਸ ਰਣਨੀਤੀ ਉਲੀਕਣ 'ਚ ਨਾਕਾਮ ਰਹਿਣ ਦੀ ਨਿਖੇਧੀ ਕੀਤੀ।

### ਕਿਸਾਨਾਂ ਵੱਲੋਂ ਸੁਪਰੀਮ ਕੋਰਟ ਦਾ ਹੁਕਮ ਪੰਜਾਬ ਵਿਰੋਧੀ ਕਰਾਰ

ਚੰਡੀਗੜ੍ਹ-ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਕੁੱਲ ਹਿੰਦ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਕਿਸਾਨ ਜਥੇਬੰਦੀਆਂ ਨੇ ਸੁਪਰੀਮ ਕੋਰਟ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਐੱਸਵਾਈਐੱਲ ਨਹਿਰ ਦੀ ਉਸਾਰੀ ਲਈ ਸਰਵੇਖਣ ਕਰਨ ਦੇ ਹੁਕਮ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ ਹੈ। ਉਕਤ ਜਥੇਬੰਦੀਆਂ ਦੇ ਆਗੂਆਂ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਸਾਂਝੇ ਬਿਆਨ ਰਾਹੀਂ ਪੰਜਾਬ ਸਰਕਾਰ ਵੱਲੋਂ ਹਰਿਆਣਾ ਅਤੇ ਰਾਜਸਥਾਨ 'ਚ ਸਿਆਸੀ ਲਾਹੇ ਲਈ ਪਾਣੀਆਂ ਦੇ ਸੰਵੇਦਨਸ਼ੀਲ ਮੁੱਦੇ 'ਤੇ ਸਮਝੌਤਾਵਾਦੀ ਸਟੈਂਡ ਲੈਣ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪਾਣੀ ਸੂਬਾਈ ਸੂਚੀ ਦੇ ਇੰਦਰਾਜ ਨੰਬਰ 17 'ਤੇ ਦਰਜ ਰਾਜ ਦਾ ਵਿਸ਼ਾ ਹੈ, ਜਿਸ ਦਾ ਮਤਲਬ ਹੈ ਕਿ ਕੇਂਦਰ ਸਰਕਾਰ ਨੂੰ ਪਾਣੀਆਂ ਦੇ ਮੁੱਦਿਆਂ 'ਤੇ ਕਾਰਜਕਾਰੀ ਹੁਕਮ ਤੇ ਫ਼ੈਸਲੇ ਪਾਸ ਕਰਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ, ਇਸ ਲਈ ਕੇਂਦਰ ਸਰਕਾਰ ਦਾ ਦਖ਼ਲ ਪੂਰੀ ਤਰ੍ਹਾਂ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਹੈ। ਸ੍ਰੀ ਰਾਜੇਵਾਲ ਨੇ ਕਿਹਾ ਕਿ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਨੂੰ ਰੱਦ ਕੀਤਾ ਜਾਵੇ ਜੋ ਕੇਂਦਰ ਸਰਕਾਰ ਦੇ ਦਖਲ ਨੂੰ ਸੱਦਾ ਦੇਣ ਲਈ ਪਾਈਆਂ ਗਈਆਂ ਸਨ।

# ਐੱਸ ਵਾਈ ਐੱਲ: ਪਾਣੀ ਦੀ ਇਕ ਵੀ ਬੂੰਦ ਨਹੀਂ ਦੇਵੇਗਾ ਪੰਜਾਬ-ਕੈਬਨਿਟ ਦਾ ਫ਼ੈਸਲਾ

ਚੰਡੀਗੜ੍ਹ-ਸਤਲੁਜ-ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਬਾਰੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮਗਰੋਂ ਪੰਜਾਬ ਵਿੱਚ ਸਿਆਸਤ ਭਖ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਰਿਹਾਇਸ਼ 'ਤੇ ਮੰਤਰੀ ਮੰਡਲ ਦੀ ਹੰਗਾਮੀ ਮੀਟਿੰਗ ਸੱਦੀ। ਮੀਟਿੰਗ ਦੌਰਾਨ ਮੰਤਰੀ ਮੰਡਲ ਨੇ ਪਾਣੀ ਦੀ ਇਕ ਵੀ ਬੂੰਦ ਕਿਸੇ ਹੋਰ ਸੂਬੇ ਨੂੰ ਨਾ ਦੇਣ ਦਾ ਫ਼ੈਸਲਾ ਲਿਆ। ਇਸ ਦੇ ਨਾਲ ਮੰਤਰੀ ਮੰਡਲ ਨੇ ਵਨੋਦ ਘਈ ਦਾ ਅਸਤੀਫ਼ਾ ਮਨਜ਼ੂਰ ਕਰਦਿਆਂ ਨਵੇਂ ਐਡਵੋਕੇਟ ਜਨਰਲ ਵਜੋਂ ਗੁਰਮਿੰਦਰ ਸਿੰਘ ਦੇ ਨਾਮ 'ਤੇ ਮੋਹਰ ਲਗਾ ਦਿੱਤੀ। ਮੰਤਰੀ ਮੰਡਲ ਦੀ ਮੀਟਿੰਗ ਵਿੱਚ ਸਾਰੇ ਮੰਤਰੀਆਂ ਨੇ ਐੱਸਵਾਈਐੱਲ ਦੇ ਮੁੱਦੇ 'ਤੇ ਵਿਚਾਰ-ਚਰਚਾ ਕੀਤੀ ਅਤੇ ਸੂਬਾ ਸਰਕਾਰ ਦਾ ਸਟੈਂਡ ਸਪੱਸ਼ਟ ਕਰ ਦਿੱਤਾ ਹੈ। ਸਾਰੇ ਮੰਤਰੀਆਂ ਨੇ ਕਿਹਾ ਕਿ ਪੰਜਾਬ ਕੋਲ ਕਿਸੇ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ, ਜਿਸ ਕਰ ਕੇ ਸਤਲੁਜ-ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਉਸਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ, ਜਦੋਂ ਕਿ ਮੌਜੂਦਾ ਹਾਲਾਤ ਨੂੰ ਦੇਖਦਿਆਂ ਅਤੇ ਕੌਮਾਂਤਰੀ ਨੇਮਾਂ ਮੁਤਾਬਕ ਪਾਣੀ ਦੀ ਉਪਲੱਬਧਤਾ ਬਾਰੇ ਮੁੜ ਮੁਲਾਂਕਣ ਕਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਪਹਿਲਾਂ ਹੀ ਨਹਿਰੀ ਪਾਣੀ ਲੋੜ ਨਾਲੋਂ ਘੱਟ ਹੈ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਇਸੇ ਕਰ ਕੇ ਸੂਬੇ ਦੇ 153 ਵਿੱਚੋਂ 117 ਬਲਾਕ (76.5 ਫੀਸਦੀ ਬਲਾਕ) ਡਾਰਕ ਜ਼ੋਨ ਵਿੱਚ ਚਲੇ ਗਏ ਹਨ। ਇਸ ਸਮੇਂ ਸੂਬੇ ਵਿੱਚ ਧਰਤੀ ਹੇਠੋਂ ਪਾਣੀ 100 ਫੀਸਦੀ ਤੋਂ ਵੱਧ ਕੱਢਿਆ ਜਾ ਰਿਹਾ ਹੈ। ਹਾਲਾਂਕਿ ਗੁਆਂਢੀ ਸੂਬੇ ਹਰਿਆਣਾ 'ਚ ਸਿਰਫ਼ 143 ਵਿੱਚੋਂ 88 ਬਲਾਕ (61.5 ਫ਼ੀਸਦੀ) ਖ਼ਤਰੇ ਦੀ ਸਥਿਤੀ 'ਚ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਹਰਿਆਣਾ 'ਚ ਪਾਣੀ ਦੀ ਮੌਜੂਦਾ ਸਥਿਤੀ ਪੰਜਾਬ ਨਾਲੋਂ ਬਿਹਤਰ ਹੈ। ਮੰਤਰੀ ਮੰਡਲ ਨੇ ਸੂਬੇ ਦੀਆਂ ਜੇਲ੍ਹਾਂ 'ਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਦੋ ਕੈਦੀਆਂ ਦੀ ਅਗਾਊਂ ਰਿਹਾਈ ਦੇ ਕੇਸ ਰਾਜਪਾਲ ਕੋਲ ਭੇਜਣ ਲਈ ਵੀ ਸਹਿਮਤੀ ਦੇ ਦਿੱਤੀ ਹੈ। ਇਸ ਮੌਕੇ ਪੰਜਾਬ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਸੋਧ) ਬਿੱਲ-2023 ਨੂੰ ਪੇਸ਼ ਕਰਨ ਦੇ ਪ੍ਰਸਤਾਵ ਨੂੰ ਹਰੀ ਝੰਡੀ ਦੇ ਦਿੱਤੀ ਹੈ, ਜਿਸ ਨਾਲ ਜੀਐੱਸਟੀ ਕੌਂਸਲ ਦੇ ਆਦੇਸ਼ਾਂ ਮੁਤਾਬਕ ਪੰਜਾਬ ਗੁੱਡਜ਼ ਐਂਡ ਸਰਵਿਸਜ਼ ਟੈਕਸ ਬਿੱਲ 'ਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣਗੀਆਂ। ਸੂਬਾ ਸਰਕਾਰ ਨੇ ਟੈਕਸਦਾਤਿਆਂ ਦੀ ਸਹੂਲਤ ਅਤੇ ਕਾਰੋਬਾਰ ਨੂੰ ਸੁਖਾਲਾ ਬਣਾਉਣ ਲਈ ਪੰਜਾਬ ਜੀਐੱਸਟੀ ਐਕਟ-2017 'ਚ ਕੁਝ ਸੋਧਾਂ ਦਾ ਪ੍ਰਸਤਾਵ ਕੀਤਾ ਹੈ, ਜਨ੍ਹਿਾਂ ਵਿੱਚ ਜੀਐੱਸਟੀ ਅਪੀਲ ਟ੍ਰਿਬਿਊਨਲ ਤੇ ਇਸ ਦੇ ਰਾਜ ਬੈਂਚਾਂ ਦਾ ਗਠਨ, ਕੁਝ ਅਪਰਾਧਾਂ ਨੂੰ ਗੈਰ-ਅਪਰਾਧਿਕ ਬਣਾਉਣਾ, ਛੋਟੇ ਵਪਾਰੀਆਂ ਨੂੰ ਈ-ਕਾਮਰਸ ਅਪਰੇਟਰਾਂ ਵੱਲੋਂ ਮਾਲ ਦੀ ਸਪਲਾਈ ਕਰਨ ਦੀ ਸਹੂਲਤ, ਜਾਣਕਾਰੀ ਦੀ ਸਹਿਮਤੀ ਆਧਾਰਿਤ ਸ਼ੇਅਰਿੰਗ ਅਤੇ ਆਨਲਾਈਨ ਗੇਮਿੰਗ ਅਤੇ ਟੈਕਸ ਲਈ ਕਾਨੂੰਨੀ ਵਿਵਸਥਾਵਾਂ ਆਦਿ ਸ਼ਾਮਲ ਹਨ।



# ਡਾ. ਅਨਵਰ ਚਿਰਾਗ਼ ਬਣੇ 'ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ' ਦੇ ਨਵੇਂ ਮੁਖੀ

ਪਟਿਆਲਾ-ਡਾ. ਅਨਵਰ ਚਿਰਾਗ਼ ਪੰਜਾਬੀ ਯੂਨੀਵਰਸਿਟੀ ਦੇ 'ਭਾਸ਼ਾ ਵਿਗਿਆਨ ਤੇ ਪੰਜਾਬੀ ਕੋਸ਼ਕਾਰੀ ਵਿਭਾਗ' ਦੇ ਨਵੇਂ ਮੁਖੀ ਬਣ ਗਏ ਹਨ। ਉਨ੍ਹਾਂ ਨੇ ਅਹੁਦਾ ਸੰਭਾਲ ਲਿਆ ਹੈ। ਡਾ. ਚਿਰਾਗ਼ ਦਾ ਪੰਜਾਬੀ ਕੋਸ਼ਕਾਰੀ ਦੇ ਖੇਤਰ 'ਚ 19 ਸਾਲ ਦਾ ਤਜਰਬਾ ਹੈ। ਉਹ ਪੰਜਾਬੀ, ਉਰਦੂ ਤੇ ਫ਼ਾਰਸੀ 'ਚ ਪੋਸਟ ਗਰੈਜੂਏਟ ਤੇ ਪੰਜਾਬੀ ਵਿੱਚ ਐੱਮ.ਫ਼ਿਲ. ਤੇ ਪੀ-ਐੱਚ.ਡੀ. ਹਨ। ਪੰਜਾਬੀ ਕੋਸ਼ਕਾਰੀ ਤੇ ਸੂਫ਼ੀ ਕਾਵਿ ਦੇ ਮਾਹਿਰ ਡਾ. ਚਿਰਾਗ਼ ਦੀਆਂ ਸੱਤ ਆਲੋਚਨਾਤਮਿਕ, ਲਿੱਪੀਅੰਤ੍ਰਿਤ ਤੇ ਅਨੁਵਾਦਿਤ ਪੁਸਤਕਾਂ ਤੇ ਤੀਹ ਤੋਂ ਵੱਧ ਖੋਜ ਪੱਤਰ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ 'ਪੰਜਾਬੀ-ਅੰਗਰੇਜ਼ੀ ਕੋਸ਼' ਤੇ 'ਸੰਸਕ੍ਰਿਤ-ਪੰਜਾਬੀ ਕੋਸ਼' 'ਚ ਅਕਾਦਮਿਕ ਕਾਰਜ ਤੇ ਅੰਗਰੇਜ਼ੀ-ਪੰਜਾਬੀ ਕੋਸ਼ (ਸੱਤਵਾਂ ਸੰਸਕਰਨ) ਤੇ ਪੰਜਾਬੀ ਕੋਸ਼ (ਸਕੂਲ ਪੱਧਰ) 'ਚ ਸੰਪਾਦਕੀ ਮੰਡਲ ਦੇ ਮੈਂਬਰ ਵਜੋਂ ਕਾਰਜ ਕੀਤਾ ਹੈ।






# 3 ਨਵੰਬਰ ਨੂੰ ਰਿਲੀਜ਼ ਹੋਵੇਗੀ ਕਰਤਾਰ ਸਿੰਘ ਸਰਾਭਾ ਦੀ ਜੀਵਨੀ 'ਤੇ ਅਧਾਰਿਤ ਫ਼ਿਲਮ-ਸਰਾਭਾ

## ਸਰਾਭਾ ਅਤੇ ਗ਼ਦਰ ਲਹਿਰ ਦਾ ਇਤਿਹਾਸਕ ਦਸਤਾਵੇਜ ਹੈ 'ਸਰਾਭਾ' ਫਿਲਮ-ਕਵੀ ਰਾਜ

ਸਰੀ (ਹਰਦਮ ਮਾਨ)-'ਸਰਾਭਾ' ਇਕ ਅਜਿਹੀ ਫਿਲਮ ਜਿਸ ਵਿਚ ਦਰਸ਼ਕਾਂ ਨੂੰ ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਲਹਿਰ ਦੇ ਸਹੀ ਇਤਿਹਾਸ ਨੂੰ ਵੇਖਣ, ਸਮਝਣ ਦਾ ਮੌਕਾ ਮਿਲੇਗਾ। ਇਹ ਸ਼ਬਦ 'ਸਰਾਭਾ' ਫਿਲਮ ਦੇ ਪ੍ਰੋਡਿਊਸਰ, ਡਾਇਰੈਕਟਰ ਅਤੇ ਲੇਖਕ ਕਵੀ ਰਾਜ ਨੇ ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਦੱਸਿਆ ਕਿ ਉਹ ਖ਼ੁਦ ਗ਼ਦਰ ਲਹਿਰ ਨਾਲ ਲੰਮੇਂ ਸਮੇਂ ਤੋਂ ਜੁੜੇ ਹੋਏ ਹਨ ਅਤੇ ਗ਼ਦਰ ਲਹਿਰ ਦੇ ਸਰਗਰਮ ਕਾਮੇ ਕੇਸਰ ਸਿੰਘ ਢਿੱਲੋਂ, ਹਜ਼ਾਰਾ ਸਿੰਘ ਜੰਡਾ ਸਮੇਤ ਇਸ ਲਹਿਰ ਦੇ ਕਈ ਮੈਂਬਰਾਂ ਨੂੰ ਮਿਲ ਕੇ ਇਸ ਬਾਰੇ ਜਾਣਕਾਰੀ ਹਾਸਲ ਕਰਨ ਅਤੇ ਇਸ ਲਹਿਰ ਬਾਰੇ ਬਹੁਤ ਕੁਝ ਪੜ੍ਹਨ ਤੋਂ ਬਾਅਦ ਹੀ ਇਸ ਨੂੰ ਫਿਲਮ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਗ਼ਦਰੀ ਬਾਬਿਆਂ ਬਾਰੇ ਲੋਕਾਂ ਵਿਚ ਕਈ ਗ਼ਲਤ ਧਾਰਨਾਵਾਂ ਹਨ ਕਿ ਉਹ ਕਮਿਊਨਿਸਟ ਸਨ, ਸੋਸ਼ਲਲਿਸਟ ਸਨ ਪਰ ਗ਼ਦਰ ਲਹਿਰ ਵਿਚ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲੇ ਜਵਾਲਾ ਸਿੰਘ, ਵਿਸਾਖਾ ਸਿੰਘ 1912 ਵਿਚ ਅਮਰੀਕਾ ਵਿਚ ਗੁਰਦੁਆਰਾ ਸਟਾਕਟਨ ਬਣਾਉਣ ਵਾਲੇ ਬਾਨੀਆਂ ਵਿੱਚੋਂ ਸਨ। ਅਸਲ ਵਿਚ ਗ਼ਦਰੀ ਬਾਬੇ ਰੱਬ ਨੂੰ ਮੰਨਣ ਵਾਲੇ ਸਿੱਖ ਸਰਦਾਰ ਸਨ। ਇਹ ਫਿਲਮ ਸਹੀ ਇਤਿਹਾਸਕ ਤੱਥਾਂ ਨੂੰ ਉਭਾਰਨ ਦਾ ਹੀ ਇਕ ਯਤਨ ਹੈ। ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਵਿਚ ਕਵੀ ਰਾਜ ਨੇ ਕਿਹਾ ਕਿ ਗ਼ਦਰ ਲਹਿਰ ਬੜੀ ਐਕਸ਼ਨ ਭਰਪੂਰ ਸੀ ਅਤੇ ਉਸ ਵਿਚ ਆਜ਼ਾਦੀ ਪ੍ਰਤੀ ਬੇਹੱਦ ਰੁਮਾਂਸ ਸੀ, ਇਸ ਕਰ ਕੇ ਫਿਲਮ ਬਣਾਉਣ ਸਮੇਂ ਕੋਈ ਵਾਧੂ ਡਰਾਮਾ ਸਿਰਜਣ ਦੀ ਲੋੜ ਨਹੀਂ ਪਈ। ਉਨ੍ਹਾਂ ਪੱਤਰਕਾਰਾਂ ਤੋਂ ਸਹਿਯੋਗ ਦੀ ਮੰਗ ਕੀਤੀ ਅਤੇ 3 ਨਵੰਬਰ 2023 ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਬਾਰੇ ਵੱਧ ਤੋਂ ਵੱਧ ਲੋਕਾਂ ਤੱਕ ਜਾਣਕਾਰੀ ਪੁਚਾਉਣ ਦੀ ਅਪੀਲ ਕੀਤੀ। ਇਸ ਫਿਲਮ ਦੇ ਸਹਾਇਕ ਪ੍ਰੋਡਿਊਸਰ ਜਤਿੰਦਰ ਜੇ ਮਿਨਹਾਸ ਨੇ ਕਿਹਾ ਕਿ ਸਰਾਭਾ ਇਕ ਸਪੈਸ਼ਲ ਫਿਲਮ ਹੈ ਅਤੇ ਇਸ ਦੀ ਬਹੁਤੀ ਸ਼ੂਟਿੰਗ ਬੀ.ਸੀ. ਵਿਚ ਹੋਈ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਹਲਕੀਆਂ ਫੁਲਕੀਆਂ ਹਾਸੇ ਮਜ਼ਾਕ ਵਾਲੀਆਂ ਫਿਲਮਾਂ ਦੀ ਬਜਾਏ ਅਜਿਹੀਆਂ ਮਹੱਤਵਪੂਰਨ ਅਤੇ ਸੰਜੀਦਾ ਫਿਲਮਾਂ ਨੂੰ ਤਰਜੀਹ ਦੇਈਏ। ਫਿਲਮ ਦੇ ਸਹਾਇਕ ਪ੍ਰੋਡਿਊਸਰ ਅੰਮ੍ਰਿਤ ਸਰਾਭਾ ਨੇ ਵੀ ਫਿਲਮ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਮੀਡੀਆ ਕਰਮੀ ਗੁਰਸ਼ਰਨ ਮਾਨ ਨੇ ਫਿਲਮ ਦੇ ਨਿਰਮਾਤਾ ਨਿਰਦੇਸ਼ਕ ਕਵੀ ਰਾਜ ਬਾਰੇ ਦੱਸਿਆ ਕਿ ਉਹ ਹੌਲੀਵੁੱਡ ਦੇ ਨਾਮਵਰ ਨਿਰਮਾਤਾ ਅਤੇ ਐਕਟਰ ਹਨ।







# ਨਾਜਾਇਜ਼ ਖਣਨ ਵਿਧਾਇਕ ਦੇ ਜੀਜੇ ਸਣੇ ਦੋ ਹੋਰਨਾਂ ਨੂੰ ਜ਼ਮਾਨਤ ਮਿਲੀ

ਤਰਨ ਤਾਰਨ-ਜ਼ਿਲ੍ਹੇ ਅੰਦਰ ਹਾਕਮ ਧਿਰ ਆਮ ਆਦਮੀ ਪਾਰਟੀ ਨੂੰ ਕਰੀਬ 10 ਦਿਨ ਪਹਿਲਾਂ ਗੈਰਕਾਨੂੰਨੀ ਮਾਈਨਿੰਗ ਦੇ ਦੋਸ਼ਾਂ ਵਿੱਚ ਕਸੂਤੀ ਸਥਿਤੀ ਵਿਚ ਫਸਾ ਦੇਣ ਦੇ ਮਾਮਲੇ ਦੇ ਬਹੁ-ਚਰਚਿਤ ਮੁਲਜ਼ਮ ਨਿਸ਼ਾਨ ਸਿੰਘ ਨੂੰ ਅਦਾਲਤ ਨੇ ਰੈਗੂਲਰ ਜ਼ਮਾਨਤ ਦੇ ਦਿੱਤੀ ਜਦੋਂਕਿ ਕੇਸ 'ਚ ਗ੍ਰਿਫ਼ਤਾਰੀ ਤੋਂ ਬਚਦੇ ਆ ਰਹੇ ਦੋ ਹੋਰਨਾਂ ਨੂੰ ਅੰਤ੍ਰਿਮ ਜ਼ਮਾਨਤ ਮਿਲੀ ਹੈ। ਮੁਲਜ਼ਮ ਨਿਸ਼ਾਨ ਸਿੰਘ ਖਡੂਰ ਸਾਹਿਬ ਹਲਕੇ ਤੋਂ ਹਾਕਮ ਧਿਰ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦਾ ਜੀਜਾ ਲੱਗਦਾ ਹੈ। ਅੰਤ੍ਰਿਮ ਜ਼ਮਾਨਤ ਲੈਣ ਵਾਲਿਆਂ ਵਿੱਚ ਭੈਲ ਢਾਏ ਵਾਲਾ ਦੇ ਗੁਰਦਿਆਲ ਸਿੰਘ ਅਤੇ ਧੂੰਦਾ ਵਾਸੀ ਅਵਤਾਰ ਸਿੰਘ ਦੇ ਨਾਮ ਸ਼ਾਮਲ ਹਨ। ਡੀਐੱਸਪੀ ਰੈਂਕ ਦੇ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਮੁਲਜ਼ਮਾਂ ਦੀਆਂ ਜ਼ਮਾਨਤਾਂ ਹੋਣ ਦੀ ਪੁਸ਼ਟੀ ਕੀਤੀ ਹੈ। ਦੱਸਣਯੋਗ ਹੈ ਕਿ ਨਾਜਾਇਜ਼ ਖਣਨ ਕੇਸ ਵਿੱਚ ਗੋਇੰਦਵਾਲ ਸਾਹਿਬ ਪੁਲੀਸ ਨੇ ਇੱਕ ਅਣਪਛਾਤੇ ਸਣੇ 14 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ ਅਤੇ ਨਿਸ਼ਾਨ ਸਿੰਘ ਸਣੇ 10 ਮੁਲਜ਼ਮਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਨਿਸ਼ਾਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਇਲਾਜ ਲਈ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਸੀ। ਇਸ ਘਟਨਾ ਦੇ ਅਗਲੇ ਹੀ ਦਨਿ ਤਰਨ ਤਾਰਨ ਦੇ ਜ਼ਿਲ੍ਹਾ ਪੁਲੀਸ ਮੁਖੀ ਗੁਰਮੀਤ ਸਿੰਘ ਚੌਹਾਨ ਦਾ ਤਬਾਦਲਾ ਕਰ ਦਿੱਤਾ ਗਿਆ ਸੀ ਅਤੇ ਥਾਣਾ ਗੋਇੰਦਵਾਲ ਸਾਹਿਬ ਦੇ ਥਾਣਾ ਮੁਖੀ ਇੰਸਪੈਕਟਰ ਸੁਖਬੀਰ ਸਿੰਘ ਅਤੇ ਤਰਨ ਤਾਰਨ ਦੀ ਸੀਆਈਏ ਸਟਾਫ਼ ਦੇ ਇੰਚਾਰਜ ਤੋਂ ਇਲਾਵਾ ਤਿੰਨ ਹੋਰਨਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਇਸੇ ਦੌਰਾਨ ਗੋਇੰਦਵਾਲ ਸਾਹਿਬ ਦੇ ਡੀਐੱਸਪੀ ਰਵੀਸ਼ੇਰ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਅਗਲੇਰੀ ਤਫਤੀਸ਼ ਲਈ ਡੀਐੱਸਪੀ (ਜਾਂਚ) ਕਮਲਜੀਤ ਸਿੰਘ ਨੂੰ ਸੌਂਪਿਆ ਗਿਆ ਹੈ।









## ਮਾਮਲਾ ਸਾਬਕਾ ਨਾਜ਼ੀ ਸੈਨਿਕ ਦੇ ਸਨਮਾਨ ਦਾ


# ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਤੇ ਇਤਿਹਾਸਕ ਦਾਗ...

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡਾ -ਭਾਰਤ ਦੁਵੱਲੇ ਸਬੰਧਾਂ ਵਿਚ ਆਏ ਤਣਾਅ ਦੌਰਾਨ ਰਾਹਤ ਭਰੀ ਖਬਰ ਹੈ ਕਿ ਪਿਛਲੇ ਦਿਨੀਂ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਵਲੋਂ ਯੂ ਐਨ ਓ ਤੇ ਅਮਰੀਕਾ ਦੌਰੇ ਦੌਰਾਨ ਜਿਥੇ ਭਾਰਤੀ ਪੱਖ ਰੱਖਿਆ ਉਥੇ ਉਹਨਾਂ ਦੋਵਾਂ ਮੁਲਕਾਂ ਵਿਚਾਲੇ ਗੱਲਬਾਤ ਦੀ ਟੇਬਲ ਉਪਰ ਆਉਣ ਦੀ ਗੱਲ ਵੀ ਕੀਤੀ ਹੈ। ਇਸਤੋਂ ਪਹਿਲਾਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਸਿੱਖ ਆਗੂ ਤੇ ਕੈਨੇਡੀਅਨ ਸ਼ਹਿਰੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿਚ ਭਾਰਤੀ ਹੱਥ ਹੋਣ ਦੇ ਦੋਸ਼ਾਂ ਦੀ ਸੂਹ ਫਾਈਵ ਆਈ ਮੁਲਕਾਂ ਤੋਂ ਪ੍ਰਾਪਤ ਹੋਣ ਬਾਰੇ ਕੀਤੇ ਗਏ ਖੁਲਾਸੇ ਨਾਲ ਇਹ ਗੱਲ ਹੁਣ ਲੁਕੀ ਛੁਪੀ ਨਹੀ ਰਹੀ ਕਿ ਕੈਨੇਡਾ ਨੂੰ ਇਹ ਜਾਣਕਾਰੀ ਅਮਰੀਕਾ ਨੇ ਹੀ ਮੁਹੱਈਆ ਕਰਵਾਈ ਹੈ। ਗਲੋਬਲ ਰਾਜਨੀਤੀ ਨੂੰ ਸਮਝਣ ਵਾਲੇ ਲੋਕ ਜਾਣਦੇ ਹਨ ਕਿ ਵਿਸ਼ਵ ਸ਼ਕਤੀਆਂ, ਵਿਕਾਸਸ਼ੀਲ ਤੇ ਤੀਸਰੀ ਦੁਨੀਆ ਦੇ ਮੁਲਕਾਂ ਨੂੰ ਕਿਵੇਂ ਚਲਾਉਂਦੀਆਂ ਤੇ ਆਪਣੇ ਹਿੱਤਾਂ ਦੀ ਸਿੱਧੀ ਲਈ ਉਲਝਾਉਂਦੀਆਂ ਹਨ। ਤੇ ਇਸ ਗਲੋਬਲ ਰਾਜਨੀਤੀ ਵਿਚ ਸੁਪਰ ਕੌਪ ਵਜੋਂ ਜਾਣੇ ਜਾਂਦੇ ਅਮਰੀਕਾ ਦੀ ਹੁਣ ਤੱਕ ਭੂਮਿਕਾ ਕੀ ਰਹੀ ਹੈ। ਇਹ ਵੀ ਗੁੱਝਾ ਨਹੀ।

ਜੋ ਵੀ ਹੈ ਕੈਨੇਡਾ ਦੀ ਮਾਨਵੀ ਹੱਕਾਂ ਦੇ ਅਲੰਬਰਦਾਰ ਵਜੋਂ ਆਪਣੀ ਇਕ ਪਛਾਣ ਅਤੇ ਇਤਿਹਾਸ ਹੈ। ਪਰ ਇਸ ਗੌਰਵਮਈ ਇਤਿਹਾਸ ਵਿਚ ਸਭ ਅੱਛਾ ਨਹੀ ਹੈ। ਬੀਤੇ ਦਿਨੀਂ ਯੂਕਰੇਨ ਦੇ ਰਾਸ਼ਟਰਪਤੀ ਜੈਲੈਂਸਕੀ ਦੀ ਕੈਨੇਡਾ ਫੇਰੀ ਦੌਰਾਨ ਜੋ ਕੁਝ ਸਾਹਮਣੇ ਆਇਆ ਉਸਨੇ ਕੈਨੇਡੀਅਨ ਇਮੀਗ੍ਰੇਸ਼ਨ ਨੀਤੀ ਉਪਰ ਹੁਣ ਤੱਕ ਉਠਦੇ ਰਹੇ ਸਵਾਲਾਂ ਨੂੰ ਮੁੜ ਚਰਚਾ ਵਿਚ ਲੈਂ ਆਂਦਾ ਹੈ । ਰਾਸਟਰਪਤੀ ਜੈਲੈਂਸਕੀ ਦੀ ਹਾਜ਼ਰੀ ਵਿਚ ਹਾਊਸ ਆਫ ਕਾਮਨਜ਼ ਵਿਚ ਇਕ ਸਾਬਕਾ ਨਾਜ਼ੀ ਸੈਨਿਕ ਨੂੰ ਵਿਸ਼ੇਸ਼ ਸੱਦਾ ਦੇਣਾ ਤੇ ਫਿਰ ਉਸਨੂੰ ਯੂਕਰੇਨੀ ਹੀਰੋ ਤੇ ਕੈਨੇਡੀਅਨ ਹੀਰੋ ਵਜੋਂ ਤਾੜੀਆਂ ਦੀ ਗੂੰਜ ਵਿਚ ਸਨਮਾਨ ਦੇਣਾ, ਵਿਸ਼ਵ ਸਿਆਸਤ ਵਿਚ ਕੈਨੇਡੀਅਨ ਭੂਮਿਕਾ ਲਈ ਬਹੁਤ ਹੀ ਨਾਖੁਸ਼ਗਵਾਰ ਗੁਜ਼ਰਿਆ। ਸਾਬਕਾ ਨਾਜ਼ੀ ਸੈਨਿਕ ਯਾਰੋਸਲਵ ਹੁੰਕਾ ਦੇ ਪਿਛੋਕੜ ਅਤੇ ਅਸਲੀਅਤ ਬਾਰੇ ਜਾਣਦਿਆਂ ਸੱਤਾਧਾਰੀ ਲਿਬਰਲ ਪਾਰਟੀ ਦੇ ਮੈਂਬਰਾਂ ਨੇ ਵੀ ਪਾਰਟੀ ਪੱਧਰ ਤੋ ਉਪਰ ਉਠਦਿਆਂ ਇਸ ਘਟਨਾ ਦੀ ਨਿੰਦਾ ਕੀਤੀ। ਸਪੀਕਰ ਐਂਥਨੀ ਰੋਟਾ ਨੇ ਇਸ ਸਾਰੇ ਘਟਨਾਕ੍ਰਮ ਲਈ ਖੁਦ ਜ਼ਿੰਮੇਵਾਰੀ ਲੈਂਦਿਆਂ ਮੁਆਫੀ ਮੰਗੀ ਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ । ਵਿਰੋਧੀ ਧਿਰਾਂ ਦੀ ਇਸਤੇ ਵੀ ਤਸੱਲੀ ਨਹੀ ਹੋਈ ਤਾਂ ਪ੍ਰਧਾਨ ਮੰਤਰੀ ਨੂੰ ਖੁਦ ਇਸ ਮੁੱਦੇ ਤੇ ਮੁਆਫੀ ਮੰਗਣੀ ਪਈ।

ਕੈਨੇਡੀਅਨ ਸੰਸਦ ਵਿਚ ਇਕ ਸਾਬਕਾ ਨਾਜ਼ੀ ਸੈਨਿਕ ਨੂੰ ਸਨਮਾਨ ਦੇਣ ਦਾ ਮੁੱਦਾ ਕੋਈ ਛੋਟੀ ਜਿਹੀ ਭੁੱਲ ਨਹੀ ਹੈ। ਭਾਵੇਂਕਿ ਇਹ ਭੁੱਲ ਪ੍ਰਧਾਨ ਮੰਤਰੀ ਦਫਤਰ ਜਾਂ ਸਪੀਕਰ ਦੇ ਸਟਾਫ ਵਲੋਂ ਕੀਤੀ ਗਈ ਹੋ ਸਕਦੀ ਹੈ ਪਰ ਇਸ ਭੁੱਲ ਨੇ ਉਹ ਕੁਝ ਉਜਾਗਰ ਕਰ ਦਿੱਤਾ ਹੈ ਜੋ ਹੁਣ ਤੱਕ ਇਮੀਗ੍ਰੇਸ਼ਨ ਦੀਆਂ ਫਾਈਲਾਂ ਵਿਚ ਗੁੰਮ ਸੀ। ਕੈਨੇਡਾ ਉਪਰ ਬੜੇ ਲੰਬੇ ਸਮੇਂ ਤੋ ਇਹ ਦੋਸ਼ ਲਗਦੇ ਰਹੇ ਹਨ ਕਿ ਨੁਕਸਦਾਰ ਇਮੀਗ੍ਰੇਸ਼ਨ ਨੀਤੀਆਂ ਕਾਰਣ ਕੈਨੇਡਾ ਅੰਡਰ ਵਰਲਡ ਤੇ ਜੰਗੀ ਅਪਰਾਧੀਆਂ ਦਾ ਸਵਰਗ ਬਣਿਆ ਰਿਹਾ ਹੈ। ਇਸ ਭੁੱਲ ਨੇ ਇਹ ਦੱਸ ਦਿੱਤਾ ਹੈ ਕਿ ਕੈਨੇਡਾ ਵਿਚ ਸਾਬਕਾ ਨਾਜ਼ੀ ਸੈਨਿਕ ਹੁੰਕਾ ਇਕੱਲਾ ਨਹੀ ਬਲਿਕ ਉਸਦੇ 600 ਦੇ ਕਰੀਬ ਹੋਰ ਅਜਿਹੇ ਸਾਥੀ ਹਨ ਜਿਹਨਾਂ ਨੇ ਦੂਸਰੀ ਵਿਸ਼ਵ ਜੰਗ ਦੀ ਸਮਾਪਤੀ ਉਪਰੰਤ ਕੈਨੇਡਾ ਦੀ ਇਮੀਗ੍ਰੇਸ਼ਨ ਹਾਸਲ ਕੀਤੀ। ਇਕ ਹੋਰ ਰਿਪੋਰਟ ਮੁਤਾਬਿਕ ਕੈਨੇਡਾ ਵਿਚ 2000 ਦੇ ਕਰੀਬ ਅਜਿਹੇ ਜੰਗੀ ਅਪਰਾਧੀਆਂ ਨੇ ਗਲਤ ਤਰੀਕੇ ਨਾਲ ਜਾਂ ਅਸਲੀਅਤ ਛੁਪਾਕੇ ਇਮੀਗ੍ਰੇਸ਼ਨ ਹਾਸਲ ਕੀਤੀ। ਖਬਰਾਂ ਇਹ ਵੀ ਹਨ ਕਿ ਅਜਿਹੇ ਜੰਗੀ ਅਪਰਾਧੀਆਂ ਨੂੰ ਇਕ ਵਿਸ਼ੇਸ਼ ਨੀਤੀ ਤਹਿਤ ਕੈਨੇਡਾ ਵਿਚ ਪਨਾਹ ਦਿੱਤੀ ਗਈ। ਇਸ ਵਿਸ਼ੇਸ਼ ਨੀਤੀ ਦੇ ਪਿੱਛੇ ਕੋਈ ਹੋਰ ਨਹੀ ਬਲਿਕ ਅਮਰੀਕੀ ਖੁਫੀਆ ਏਜੰਸੀ ਦੀ ਅਹਿਮ ਭੂਮਿਕਾ ਦਾ ਜ਼ਿਕਰ ਹੈ।



ਜ਼ਿਕਰਯੋਗ ਹੈ ਕਿ ਦੂਸਰੀ ਵਿਸ਼ਵ ਜੰਗ ਦੌਰਾਨ ਜਰਮਨੀ ਦੀ ਅਗਵਾਈ ਵਿਚ ਐਕਸਿਸ ਫੌਜਾਂ ( ਜਰਮਨੀ, ਇਟਲੀ, ਜਾਪਾਨ ਤੇ ਮਿੱਤਰ ਮੁਲਕ) ਦੇ ਵਿਚ ਸ਼ਾਮਿਲ ਨਾਜ਼ੀ ਸੈਨਿਕਾਂ ਨੇ ਅਲਾਇਡ ਫੌਜਾਂ ( ਬਰਤਾਨੀਆ, ਅਮਰੀਕਾ, ਰੂਸ ਤੇ ਮਿੱਤਰ ਮੁਲਕ) ਖਿਲਾਫ ਲੜਦਿਆਂ ਜਰਮਨੀ, ਪੋਲੈਂਡ ਤੇ ਯੂਕਰੇਨ ਵਿਚ ਲੱਖਾਂ ਯਹੂਦੀਆਂ ਨੂੰ ਮਾਰ ਮੁਕਾਇਆ ਸੀ। ਜਰਮਨੀ ਦੀ ਅਗਵਾਈ ਹੇਠ ਗਠਿਤ ਵਿਸ਼ੇਸ਼ ਦਸਤਾ 14 ਵੈਫਨ ਐਸ ਐਸ ਉਹ ਯੂਨਿਟ ਸੀ ਜਿਸ ਵਿਚ ਸਾਬਕਾ ਨਾਜ਼ੀ ਸੈਨਿਕ ਹੁੰਕਾ ਬਾਕਾਇਦਾ ਸ਼ਾਮਿਲ ਸੀ। ਇਸ ਦਸਤੇ ਉਪਰ ਯੂਕਰੇਨ ਦੇ ਇਕ ਪਿੰਡ ਵਿਚ ਹਮਲਾ ਕਰਕੇ ਹਜ਼ਾਰਾਂ ਯਹੂਦੀਆਂ ਨੂੰ ਕਤਲ ਕੀਤੇ ਜਾਣ ਦੇ ਦੋਸ਼ ਸਨ। ਇਤਿਹਾਸ ਗਵਾਹ ਹੈ ਕਿ ਨਾਜ਼ੀ ਫੌਜਾਂ ਨੇ ਦੂਸਰੀ ਵਿਸ਼ਵ ਜੰਗ ਦੌਰਾਨ 60 ਲੱਖ ਤੋ ਉਪਰ ਯਹੂਦੀਆਂ ਨੂੰ ਅਤਿ ਘਿਨਾਉਣੇ ਤਸੀਹੇ ਦਿੰਦਿਆਂ ਮਾਰ ਮੁਕਾਇਆ ਸੀ।

ਇਤਿਹਾਸ ਦਾ ਦੁਖਦਾਈ ਪਹਿਲੂ ਇਹ ਹੈ ਕਿ ਅਜਿਹੇ ਜੰਗੀ ਅਪਰਾਧੀਆਂ ਨੂੰ ਕੈਨੇਡਾ ਵਰਗੇ ਸ਼ਾਂਤੀ ਪਸੰਦ ਤੇ ਮਾਨਵੀ ਹੱਕਾਂ ਦੇ ਰਾਖੇ ਵਜੋਂ ਜਾਣੇ ਜਾਂਦੇ ਮੁਲਕ ਵਿਚ ਪਨਾਹ ਦਿੱਤੀ ਗਈ। ਇਹ ਜੰਗੀ ਅਪਰਾਧੀ 1944 ਦੇ ਨੇੜੇ ਤੇੜੇ ਕੈਨੇਡਾ ਵਿਚ ਪੁੱਜੇ। ਕੈਨੇਡਾ ਵਿਚ ਇਸ ਸਮੇਂ ਯੂਕਰੇਨੀ ਮੂਲ ਦੇ ਲਗਪਗ 20 ਲੱਖ ਲੋਕ ਹਨ। ਇਹਨਾਂ ਵਿਚ ਹਜ਼ਾਰਾਂ ਉਹ ਹਨ ਜਿਹਨਾਂ ਦਾ ਪਿਛੋਕੜ ਹੁੰਕਾ ਵਰਗੇ ਨਾਜ਼ੀ ਸੈਨਿਕਾਂ ਜਾਂ ਸਮਰਥਕਾਂ ਨਾਲ ਜੁੜਦਾ ਹੈ। ਕੁਝ ਅਖਬਾਰੀ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਇਕ ਸੀਨੀਅਰ ਕੈਬਨਿਟ ਮਨਿਸਟਰ ਦਾ ਦਾਦਾ ਵੀ ਇਕ ਨਾਜ਼ੀ-ਯੂਕਰੇਨੀ ਨੈਸ਼ਨਲਿਸਟ ਸੀ ਜੋ ਇਕ ਨਾਜ਼ੀ ਪੱਖੀ ਅਖਬਾਰ ਦਾ ਐਡੀਟਰ ਸੀ ਤੇ 1944 ਵਿਚ ਪਰਿਵਾਰ ਸਮੇਤ ਕੈਨੇਡਾ ਪੁੱਜਾ ਸੀ।

ਦੂਸਰੀ ਵਿਸ਼ਵ ਜੰਗ ਵਿਚ ਜਰਮਨੀ ਤੇ ਨਾਜ਼ੀ ਸੈਨਿਕਾਂ ਦੇ ਜੁਲਮਾਂ ਦਾ ਸ਼ਿਕਾਰ ਹੋਏ ਯਹੂਦੀਆਂ ਵਲੋਂ ਕੈਨੇਡਾ ਵਿਚ ਸਾਬਕਾ ਨਾਜ਼ੀ ਸੈਨਿਕਾਂ ਤੇ ਸਮਰਥਕਾਂ ਨੂੰ ਇਮੀਗ੍ਰੇਸ਼ਨ ਦਿੱਤੇ ਜਾਣ ਖਿਲਾਫ ਪਹਿਲਾਂ ਵੀ ਇਤਰਾਜ਼ ਪ੍ਰਗਟਾਏ ਗਏ ਸਨ। ਇਤਿਹਾਸ ਵਿਚ ਦਰਜ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਬਰਾਇਨ ਮਲਰੋਨੀ ਦੀ ਕੰਸਰਵੇਟਿਵ ਸਰਕਾਰ ਵਲੋਂ ਇਸਦੀ ਪੜਤਾਲ ਲਈ ਇਕ ਕਮਿਸ਼ਨ ਦਾ ਗਠਨ ਵੀ ਕੀਤਾ ਗਿਆ ਸੀ ਜਿਸਨੇ 1985 ਵਿਚ ਆਪਣੀ ਰਿਪੋਰਟ ਵਿਚ ਵਿਅਕਤੀਗਤ ਰੂਪ ਵਿਚ ਕਿਸੇ ਮਾਨਵੀ ਅਪਰਾਧ ਵਿਚ ਸ਼ਾਮਿਲ ਨਾ ਹੋਣ ਵਾਲੇ ਸਾਬਕਾ ਸੈਨਿਕਾਂ ਨੂੰ ਰਾਹਤ ਦਿੱਤੀ ਸੀ। ਪਰ ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ ਪਨਾਹ ਲੈਣ ਵਾਲੇ ਸਾਬਕਾ ਨਾਜ਼ੀ ਸੈਨਿਕਾਂ ਨੇ ਇਮੀਗ੍ਰੇਸ਼ਨ ਅਰਜੀਆਂ ਵਿਚ ਆਪਣੀ ਅਸਲੀਅਤ ਨਹੀ ਦੱਸੀ।

ਤਾਜ਼ਾ ਖਬਰ ਹੈ ਕਿ ਪੋਲੈਂਡ ਦੇ ਇਕ ਮੰਤਰੀ ਨੇ ਸਾਬਕਾ ਨਾਜ਼ੀ ਸੈਨਿਕ ਹੁੰਕਾ ਦੀ ਸਪੁਰਦੀ ਲਈ ਅਪੀਲ ਦਾਇਰ ਕੀਤੀ ਹੈ। ਉਹਨਾਂ ਦਾ ਦੋਸ਼ ਹੈ ਕਿ ਹੁੰਕਾ ਉਸ ਨਾਜ਼ੀ ਯੂਨਿਟ ਦਾ ਮੈਂਬਰ ਸੀ ਜਿਸਨੇ ਪੋਲੈਂਡ ਵਿਚ ਹਜ਼ਾਰਾਂ ਯਹੂਦੀਆਂ ਦਾ ਕਤਲ ਕੀਤਾ। ਅਖਬਾਰੀ ਜਾਂ ਮੀਡੀਆ ਚਰਚਾ ਜਾਰੀ ਰੱਖਣ ਲਈ ਇਸ ਅਪੀਲ ਦੀ ਸੁਣਵਾਈ ਬਾਰੇ ਕੁਝ ਕਹਿਣਾ ਮੁਸ਼ਕਲ ਹੈ ਪਰ ਸੱਚਾਈ ਜੋ ਹੁਣ ਤੱਕ ਸਾਹਮਣੇ ਹੈ ਕਿ ਇਸ ਅਤਿ ਗੰਭੀਰ ਤੇ ਸੰਵੇਦਨਸ਼ੀਲ ਮੁੱਦੇ ਉਪਰ ਕੈਨੇਡੀਅਨ ਸਪੀਕਰ ਨੂੰ ਅਸਤੀਫਾ ਦੇਣਾ ਪਿਆ ਤੇ ਪ੍ਰਧਾਨ ਮੰਤਰੀ ਨੂੰ ਮੁਆਫੀ ਮੰਗਣੀ ਪਈ ਹੈ। ਇਸ ਮੁੱਦੇ ਨਾਲ ਯੂਕਰੇਨ ਦੇ ਰਾਸ਼ਟਰਪਤੀ ਜੈਲੈਂਸਕੀ ਦਾ ਕੈਨਡਾ ਦੌਰਾ ਕੁਝ ਹਾਸਲ ਕਰਨ ਦੀ ਥਾਂ ਬਦਨਾਮੀ ਵਧੇਰੇ ਖੱਟ ਗਿਆ। ਜੈਲੈਂਸਕੀ ਜੋ ਖੁਦ ਇਕ ਯਹੂਦੀ ਹਨ, ਨੂੰ ਮਹਾਂਸ਼ਕਤੀਆਂ ਦੀ ਮਦਦ ਦੇ ਭਰੋਸੇ ਨਾਲ ਆਪਣੇ ਲੋਕਾਂ ਦਾ ਭਰੋਸਾ ਜਿੱਤਣ ਵਿਚ ਵੀ ਕਈ ਉਲਝਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸਦੇ ਨਾਲ ਕੈਨੇਡਾ ਨੂੰ ਅਪਰਾਧੀਆਂ ਦਾ ਸਵਰਗ ਬਣਨ ਦੇ ਦੋਸ਼ਾਂ ਤੋ ਮੁਕਤ ਹੋਣ ਲਈ ਕੀ ਕਰਨਾ ਪਵੇਗਾ, ਕੁਝ ਕਹਿਣਾ ਮੁਸ਼ਕਲ ਹੈ ਪਰ ਇਮੀਗ੍ਰੇਸ਼ਨ ਇਤਿਹਾਸ ਉਪਰ ਲੱਗੇ ਦਾਗ ਕੇਵਲ ਅਸਤੀਫਾ ਦੇਣ ਜਾਂ ਮੁਆਫੀ ਮੰਗਣ ਨਾਲ ਕਦੇ ਸਾਫ ਹੋਣ ਵਾਲੇ ਨਹੀਂ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426





# ਬਸੰਤ ਮੋਟਰਜ਼ ਨੇ 32ਵੀਂ ਵਰੇਗੰਢ 'ਤੇ ਹੋਣਹਾਰ ਵਿਦਿਆਰਥੀਆਂ ਨੂੰ 32,000 ਡਾਲਰ ਦੀ ਸਕਾਲਰਸ਼ਿਪ ਦਿੱਤੀ-ਪ੍ਰੀਮੀਅਰ ਡੇਵਿਡ ਈਬੀ ਵਿਸ਼ੇਸ਼ ਤੌਰ 'ਤੇ ਪੁੱਜੇ

ਸਰੀ (ਹਰਦਮ ਮਾਨ)-ਬਸੰਤ ਮੋਟਰਜ਼ ਸਰੀ ਵੱਲੋਂ ਆਪਣੀ 32ਵੀਂ ਵਰੇਗੰਢ ਮੌਕੇ 16 ਹੋਣਹਾਰ ਵਿਦਿਆਰਥੀਆਂ ਨੂੰ 32,000 ਡਾਲਰ ਦੀ ਸਕਾਲਰਸ਼ਿਪ ਪ੍ਰਦਾਨ ਕਰਨ ਲਈ ਬਸੰਤ ਮੋਟਰਜ਼ ਦੇ ਵਿਹੜੇ ਵਿਚ ਸਮਾਗਮ ਕਰਵਾਇਆ ਗਿਆ ਜਿਸ ਵਿਚ ਬੀ.ਸੀ ਦੇ ਪ੍ਰੀਮੀਅਰ ਡੇਵਿਡ ਈਬੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਪ੍ਰੀਮੀਅਰ ਡੇਵਿਡ ਈਬੀ ਨੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਇਹ ਮਾਣ ਉਨ੍ਹਾਂ ਦੀ ਸਖਤ ਮਿਹਨਤ ਸਦਕਾ ਉਨ੍ਹਾਂ ਨੂੰ ਮਿਲਿਆ ਹੈ। ਉਨ੍ਹਾਂ ਉਚੇਰੀ ਵਿਦਿਆ ਪ੍ਰਾਪਤ ਕਰ ਕੇ ਆਪਣਾ ਭਵਿੱਖ ਉੱਜਲ ਬਣਾਉਣ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਵੱਡਮੁੱਲਾ ਯੋਗਦਾਨ ਪਾਉਣ ਲਈ ਵਿਦਿਆਰਥੀਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ। ਉਨ੍ਹਾਂ ਬਸੰਤ ਮੋਟਰਜ਼ ਦੇ ਇਸ ਉਦਮ ਅਤੇ ਸੋਚ ਦੀ ਸ਼ਲਾਘਾ ਕੀਤੀ ਅਤੇ ਬਲਦੇਵ ਸਿੰਘ ਬਾਠ ਵੱਲੋਂ ਸਮਾਜ ਸੇਵਾ ਦੇ ਨਾਲ ਵਿਦਿਅਕ ਖੇਤਰ ਵਿਚ ਪਾਏ ਜਾ ਰਹੇ ਇਸ ਵਡਮੁੱਲੇ ਯੋਗਦਾਨ ਲਈ ਧੰਨਵਾਦ ਕੀਤਾ। ਬਸੰਤ ਮੋਟਰਜ਼ ਦੇ ਸੀਈਓ ਬਲਦੇਵ ਸਿੰਘ ਬਾਠ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਹ ਸਕਾਲਰਸ਼ਿਪ ਅਸੀਂ ਨਹੀਂ ਦੇ ਰਹੇ ਸਗੋਂ ਇਹ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਦੀ ਕਮਾਈ ਹੈ, ਇਨ੍ਹਾਂ ਦਾ ਹੱਕ ਹੈ ਅਤੇ ਇਹ ਇਸ ਸਕਾਲਰਸ਼ਿਪ ਪ੍ਰਾਪਤੀ ਦੀ ਯੋਗਤਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਕਮਿਊਨਿਟੀ ਵੱਲੋਂ ਬਸੰਤ ਮੋਟਰਜ਼ ਨੂੰ ਮਿਲੇ ਸਹਿਯੋਗ ਸਦਕਾ ਹੀ ਇਹ ਸਭ ਸੰਭਵ ਹੋ ਸਕਿਆ ਹੈ। ਉਨ੍ਹਾਂ ਸਕਾਲਰਸ਼ਿਪ ਵੰਡ ਸਮਾਗਮ ਵਿਚ ਸ਼ਾਮਲ ਹੋ ਕੇ ਬਸੰਤ ਮੋਟਰਜ਼ ਨੂੰ ਮਾਣ ਦੇਣ ਲਈ ਪ੍ਰੀਮੀਅਰ ਡੇਵਿਡ ਈਬੀ ਅਤੇ ਉਨ੍ਹਾਂ ਦੇ ਕੈਬਨਿਟ









ਸਾਥੀਆਂ ਦਾ ਸਵਾਗਤ ਕੀਤਾ। ਉਨ੍ਹਾਂ ਖ਼ੁਦ ਦੇ ਇਕ ਪਰਵਾਸੀ ਵਜੋਂ ਕੈਨੇਡਾ ਵਿਚ ਆ ਕੇ ਵੱਸਣ, ਸਖਤ ਮਿਹਨਤ ਤੇ ਲਗਨ ਨਾਲ ਕੰਮ ਕਰਦਿਆਂ ਤਰੱਕੀ ਦੇ ਨਾਲ ਮੁਲਕ ਦੇ ਇਮਾਨਦਾਰ ਸਿਸਟਮ ਦੀ ਸ਼ਲਾਘਾ ਕੀਤੀ ਅਤੇ ਸਾਫ ਸੁਥਰੇ ਵਾਤਾਵਰਣ ਨੂੰ ਕੁਦਰਤ ਦੀ ਵੱਡੀ ਨਿਆਮਤ ਦੱਸਿਆ। ਉਨ੍ਹਾਂ ਕਿਹਾ ਕਿ ਇਸ ਕਰਮ ਭੂਮੀ ਤੋਂ ਉਨ੍ਹਾਂ ਨੂੰ ਜੋ ਪ੍ਰਾਪਤ ਹੋਇਆ ਹੈ, ਉਸ ਦੇ ਬਦਲੇ ਵਿਚ ਕੁਝ ਅਦਾ ਕਰਨਾ ਵੀ ਆਪਣਾ ਫਰਜ਼ ਸਮਝਦੇ ਹਨ। ਉਨ੍ਹਾਂ ਬਸੰਤ ਮੋਟਰਜ਼ ਵੱਲੋਂ ਸਮਾਜ ਸੇਵਾ ਤੇ ਵਿਦਿਅਕ ਖੇਤਰ ਵਿਚ ਸੇਵਾ ਦੇ ਇਸ ਕਾਰਜ ਨੂੰ ਨਿਰੰਤਰ ਜਾਰੀ ਰੱਖਣ ਦੀ ਗੱਲ ਵੀ ਕਹੀ। ਇਸ ਮੌਕੇ ਪ੍ਰੀਮੀਅਰ ਡੇਵਿਡ ਈਬੀ ਨੇ 16 ਵਿਦਿਆਰਥੀਆਂ ਨੂੰ 2-2 ਹਜਾਰ ਡਾਲਰ ਦੇ ਸਕਾਲਰਸ਼ਿਪ ਸਰਟੀਫੀਕੇਟ ਪ੍ਰਦਾਨ ਕੀਤੇ। ਬਸੰਤ ਮੋਟਰਜ਼ ਵੱਲੋਂ ਇਸ ਮੌਕੇ ਸਰੀ ਦੇ ਨਵੇਂ ਬਣਾਏ ਜਾ ਰਹੇ ਹਸਪਤਾਲ ਲਈ 32 ਹਜਾਰ ਡਾਲਰ ਅਤੇ ਸਰੀ ਫੂਡ ਬੈਂਕ ਲਈ 3200 ਡਾਲਰ ਦੇ ਚੈੱਕ ਪ੍ਰੀਮੀਅਰ ਨੂੰ ਭੇਟ ਕੀਤੇ ਗਏ। ਬੀ.ਸੀ. ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ, ਕੈਬਨਿਟ ਮੰਤਰੀ ਹੈਰੀ ਬੈਂਸ, ਜਗਰੂਪ ਬਰਾੜ, ਰਚਨਾ ਸਿੰਘ, ਐਮ.ਐਲ.ਏ. ਗੈਰੀ ਬੈਗ ਤੇ ਬਰੂਸ ਰਾਲਸਟਨ ਅਤੇ ਕੌਂਸਲਰ ਲਿੰਡਾ ਐਨਿਸ ਨੇ ਵੀ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੱਤਾ। ਬਸੰਤ ਮੋਟਰਜ ਵਲੋਂ ਪ੍ਰੀਮੀਅਰ ਡੇਵਿਡ ਈਬੀ ਨੂੰ ਯਾਦਗਾਰੀ ਚਿੰਨ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਹੋਰਨਾਂ ਤੋ ਇਲਾਵਾ ਉੱਘੇ ਸਿੱਖ ਆਗੂ ਗਿਆਨ ਸਿੰਘ ਸੰਧੂ, ਜਤਿੰਦਰ ਜੇ. ਮਿਨਹਾਸ, ਸੁਰਜੀਤ ਸਿੰਘ ਬਾਠ, ਬੰਤਾ ਸਿੰਘ ਸਭਰਵਾਲ, ਸੁਰਿੰਦਰ ਸਿੰਘ ਜੱਬਲ, ਡੀ. ਪ੍ਰਗਟ ਸਿੰਘ ਭੁਰਜੀ, ਪ੍ਰੋ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਲਖਵਿੰਦਰ ਸਿੰਘ ਗਿੱਲ, ਕੁਲਵਿੰਦਰ ਸਿੰਘ ਸੰਘੇੜਾ, ਸੁਰਜੀਤ ਸਿੰਘ ਮਾਧੋਪੁਰੀ, ਪ੍ਰੋ. ਅਵਤਾਰ ਸਿੰਘ ਵਿਰਦੀ ਅਤੇ ਮੀਡੀਆ ਵੱਲੋਂ ਹਰਜਿੰਦਰ ਸਿੰਘ ਥਿੰਦ, ਬਲਜਿੰਦਰ ਸਿੰਘ ਅਟਵਾਲ, ਸੁਖਵਿੰਦਰ ਚੋਹਲਾ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਹਰਦਮ ਮਾਨ, ਸੰਤੋਖ ਸਿੰਘ ਮੰਡੇਰ, ਹਰਪ੍ਰੀਤ ਸਿੰਘ, ਪਰਮੀਤ ਕਾਮਰਾ, ਨਵਜੋਤ ਢਿੱਲੋਂ, ਤਰਲੋਚਨ ਸਿੰਘ ਚੰਡੀਗੜ੍ਹ, ਲੱਕੀ ਰੰਧਾਵਾ, ਗੁਰਸੇਵਕ ਸਿੰਘ ਪੰਧੇਰ, ਰਵੀ ਚੀਮਾ, ਅਮਰ ਢਿੱਲੋਂ ਅਤੇ ਸੋਨੀਆ ਮੌਜੂਦ ਸਨ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616



# ਕੈਨੇਡੀਅਨ ਕੂਟਨੀਤਕਾਂ ਨੂੰ ਕੱਢਣ ਦੀ ਕਾਰਵਾਈ ਟਾਲਣ ਲਈ ਭਾਰਤ ਨਾਲ ਗੱਲਬਾਤ ਕਰ ਰਿਹਾ ਹੈ ਕੈਨੇਡਾ-ਟਰੂਡੋ

ਸਫ਼ਾ 1 ਦੀ ਬਾਕੀ

ਕੈਨੇਡਾ ਨੇ ਕੈਨੇਡਾ ਵਿਚ ਭਾਰਤ ਦੇ ਸੁਰੱਖਿਆ ਮੁਖੀ ਨੂੰ ਉਸ ਸਮੇਂ ਕੱਢ ਦਿੱਤਾ ਸੀ ਜਦੋਂ ਟਰੂਡੋ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਵਿਚ ਸਰੀ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਦਾ ਹੱਥ ਸੀ ਜਿਸ ਦਾ ਉਹ ਪ੍ਰਧਾਨ ਸੀ। ਭਾਰਤ ਨੇ ਜਵਾਬੀ ਕਾਰਵਾਈ ਵਿਚ ਕੈਨੇਡੀਅਨ ਕੂਟਨੀਤਕ ਨੂੰ ਕੱਢ ਦਿੱਤਾ। ਬਾਅਦ ਵਿਚ ਭਾਰਤ ਨੇ ਕੈਨੇਡੀਅਨ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆਂ ਲਈ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਜਿਸ ਨਾਲ ਤਣਾਅ ਹੋਰ ਵਧ ਗਿਆ। ਭਾਰਤ ਸਰਕਾਰ ਨੇ ਕੈਨੇਡਾ ਦੇ ਦੋਸ਼ ਨੂੰ ਰੱਦ ਕਰ ਦਿੱਤਾ ਜਦਕਿ ਟਰੂਡੋ ਅਤੇ ਉਨ੍ਹਾਂ ਦੇ ਅਧਿਕਾਰੀਆਂ ਨੇ ਵਿਵਾਦ ਦੌਰਾਨ ਆਪਣੇ ਸ਼ਬਦਾਂ ਦੀ ਬੜੇ ਧਿਆਨ ਨਾਲ ਚੋਣ ਕੀਤੀ। ਲਗਦਾ ਹੈ ਕਿ ਕੈਨੇਡਾ ਦੀ ਪਹੁੰਚ ਅਮਰੀਕੀ ਰਾਸ਼ਟਰਪਤੀ ਜੋਏ ਬਾਇਡੇਨ ਦੀ ਕੋਸ਼ਿਸ਼ ਨੂੰ ਕਮਜ਼ੋਰ ਕਰਨਾ ਨਹੀਂ ਚਾਹੁੰਦੀ ਜਿਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁਸ਼ ਕਰਨ ਲਈ ਬਹੁਤ ਸਾਰਾ ਸਮਾਂ ਤੇ ਊਰਜਾ ਸਮਰਪਿਤ ਕੀਤੀ ਹੈ। ਸ਼ਾਇਦ ਅਮਰੀਕਾ ਭਾਰਤ ਨੂੰ ਅਖੌਤੀ ਗਲੋਬਲ ਦੱਖਣੀ ਦੇਸ਼ਾਂ ਵਿਚ ਸਭ ਤੋਂ ਮਹੱਤਵਪੂਰਣ ਦੇਸ਼ ਵਜੋਂ ਦੇਖਦਾ ਹੈ ਅਤੇ ਇਹ ਮਾਸਕੋ ਅਤੇ ਬੀਜਿੰਗ ਨਾਲ ਜੀਓਪੋਲੀਟੀਕਲ ਮੁਕਾਬਲੇ ਲਈ ਭਾਰਤ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਹੈ। ਟਰੂਡੋ ਨੇ ਕਿਹਾ ਕਿ ਕੈਨੇਡਾ ਕੋਲ ਭਾਰਤ ਦੇ ਇਸ ਕਤਲ ਨਾਲ ਜੁੜੇ ਹੋਣ ਦੀ ਜਾਣਕਾਰੀ ਹੈ ਪਰ ਉਨ੍ਹਾਂ ਜਨਤਕ ਤੌਰ 'ਤੇ ਕੋਈ ਵੇਰਵੇ ਨਹੀਂ ਦਿੱਤੇ। ਅਤੇ ਕਿਹਾ ਕਿ ਅਜਿਹਾ ਕਰਨ ਨਾਲ ਨਿੱਝਰ ਦੀ ਹੱਤਿਆ ਦੀ ਜਾਂਚ ਨੂੰ ਖ਼ਤਰਾ ਹੋ ਸਕਦਾ ਹੈ। ਅਮਰੀਕੀ ਜਾਸੂਸੀ ਏਜੰਸੀਆਂ ਨੇ ਗੋਲੀਬਾਰੀ ਪਿੱਛੋਂ ਖੁਫ਼ੀਆ ਜਾਣਕਾਰੀ ਮੁਹੱਈਆ ਕੀਤੀ ਜਿਸ ਨਾਲ ਕੈਨੇਡਾ ਨੂੰ ਇਸ ਸਿੱਟੇ 'ਤੇ ਪਹੁੰਚਣ ਵਿਚ ਮਦਦ ਮਿਲੀ ਕਿ ਇਸ ਵਿਚ ਭਾਰਤ ਸ਼ਾਮਿਲ ਹੈ ਪਰ ਪੱਛਮੀ ਖੁਫ਼ੀਆ ਅਧਿਕਾਰੀਆਂ ਦਾ ਕਹਿਣਾ ਕਿ ਮੁੱਖ ਖੁਫ਼ੀਆ ਜਾਣਕਾਰੀ ਦਾ ਪਰਦਾ ਕੈਨੇਡਾ ਨੇ ਚੁੱਕਿਆ ਹੈ। ਸਰਕਾਰ ਵਲੋਂ ਮਿਲੀ ਗੁਪਤ ਜਾਣਕਾਰੀ ਪਿੱਛੋਂ ਪਿਛਲੇ ਹਫ਼ਤੇ ਨਿਊ ਡੈਮੋਕਰੈਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਮੇਰੇ ਖਿਆਲ ਮੁਤਾਬਿਕ ਖੁਫ਼ੀਆ ਜਾਣਕਾਰੀ ਬਹੁਤ ਭਰੋਸੇਯੋਗ ਹੈ।

## ਦਰਜਨਾਂ ਕੈਨੇਡੀਅਨ ਡਿਪਲੋਮੈਟਾਂ ਨੂੰ ਭਾਰਤ ਛੱਡਣ ਦਾ ਹੁਕਮ ਦੇਣ ਪਿੱਛੋਂ ਜੋਲੀ ਨੇ ਕੀਤੀ ਗੱਲਬਾਤ ਦੀ ਅਪੀਲ

ਓਟਵਾ-ਭਾਰਤ ਵਲੋਂ ਇਕ ਤਿਹਾਈ ਕੈਨੇਡੀਅਨ ਕੂਟਨੀਤਕਾਂ ਨੂੰ ਦੇਸ਼ ਛੱਡਣ ਦਾ ਹੁਕਮ ਦਿੱਤੇ ਜਾਣ ਪਿੱਛੋਂ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਨਿੱਜੀ ਕੂਟਨੀਤਕ ਗੱਲਬਾਤ ਰਾਹੀਂ ਠੰਢੇ ਹੋਏ ਦੁਵੱਲੇ ਸਬੰਧਾਂ ਨੂੰ ਪਿਘਲਾਉਣ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੈਨੇਡਾ ਦੇ ਹਾਊਸ ਆਫ ਕਾਮਨਜ਼ ਵਿਚ ਇਹ ਦੋਸ਼ ਲਗਾਉਣ ਕਿ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਦੇ ਗੁਰਦੁਆਰਾ ਦੇ ਬਾਹਰ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਦੇ ਏਜੰਟਾਂ ਦੀ ਸ਼ਮੂਲੀਅਤ ਸੀ ਪਿੱਛੋਂ ਭਾਰਤ-ਕੈਨੇਡਾ ਸਬੰਧ ਕਾਫੀ ਖਰਾਬ ਹੋ ਗਏ। ਮਿਸ ਜੋਲੀ ਨੇ ਫਾਈਨੈਂਸ਼ਲ ਟਾਈਮਜ ਦੀ ਇਸ ਰਿਪੋਰਟ 'ਤੇ ਕੋਈ ਟਿੱਪਣੀ ਨਹੀਂ ਕੀਤੀ ਕਿ ਭਾਰਤ ਨੇ 10 ਅਕਤੂਬਰ ਤਕ 62 ਵਿਚੋਂ 41 ਨੂੰ ਭਾਰਤ ਛੱਡਣ ਦਾ ਹੁਕਮ ਦਿੱਤਾ ਹੈ ਪਰ ਉਨ੍ਹਾਂ ਹਰੇਕ ਦੇਸ਼ ਵਿਚ ਕੂਟਨੀਤਕ ਮੌਜੂਦਗੀ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਹੈ। ਕੈਬਨਿਟ ਮੀਟਿੰਗ ਲਈ ਜਾਂਦੇ ਸਮੇਂ ਜੋਲੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਕਾਰਨ ਇਹ ਤਣਾਅ ਦੇ ਪਲ ਹਨ ਇਸ ਲਈ ਇਹ ਮਹੱਤਵਪੂਰਣ ਹੈ ਕਿ ਕੂਟਨੀਤਕ ਦੇਸ਼ ਵਿਚ ਮੌਜੂਦ ਹੋਣ। ਇਹੀ ਕਾਰਨ ਹੈ ਕਿ ਅਸੀਂ ਭਾਰਤ ਵਿਚ ਮਜ਼ਬੂਤ ਕੂਟਨੀਤਕ ਮੌਜੂਦਗੀ ਦੇ ਮਹੱਤਵ ਵਿਚ ਵਿਸ਼ਵਾਸ਼ ਰੱਖਦੇ ਹਾਂ ਪਰ ਉਨ੍ਹਾਂ ਕਿਹਾ ਕਿ ਉਹ ਕੈਨੇਡੀਅਨ ਕੂਟਨੀਤਕਾਂ ਨੂੰ ਕੱਢਣ ਬਾਰੇ ਜਨਤਕ ਚਰਚਾ ਵਿਚ ਨਹੀਂ ਪੈਣਾ ਚਾਹੁੰਦੀ। ਅਸੀਂ ਨਿੱਜੀ ਤੌਰ 'ਤੇ ਗੱਲਬਾਤ ਜਾਰੀ ਰੱਖਾਂਗੇ ਕਿਉਂਕਿ ਸਾਡਾ ਖਿਆਲ ਹੈ ਕਿ ਕੂਟਨੀਤਕ ਗੱਲਬਾਤ ਉਸ ਸਮੇਂ ਬਿਹਤਰ ਹੁੰਦੀ ਹੈ ਜਦੋਂ ਉਹ ਨਿੱਜੀ ਰਹਿੰਦੀ ਹੈ।

# 11ਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦੀਆਂ ਦਿੱਲੀ 'ਚ ਤਿਆਰੀਆਂ ਜ਼ੋਰਾਂ ਤੇ

### 11 ਤੇ 12 ਅਕਤੂਬਰ ਨੂੰ ਹੋਣਗੇ ਦਿੱਲੀ ਦੇ ਤਾਲਕਟੋਰਾ ਸਟੇਡੀਅਮ 'ਚ ਗੱਤਕੇ ਦੇ ਕੌਮੀ ਮੁਕਾਬਲੇ

ਚੰਡੀਗੜ੍ਹ-ਦੇਸ਼ ਦੀ ਸਭ ਤੋਂ ਪੁਰਾਣੀ ਰਜਿਸਟਰਡ ਕੌਮੀ ਗੱਤਕਾ ਸੰਸਥਾ 'ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ' ਵੱਲੋਂ ਗੱਤਕਾ ਐਸੋਸੀਏਸ਼ਨ ਦਿੱਲੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਖੇ ਕਰਵਾਈ ਜਾ ਰਹੀ 11ਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿੱਪ ਦੀਆਂ ਤਿਆਰੀਆਂ ਜ਼ੋਰਾਂ ਤੇ ਹਨ। ਅੱਜ ਇੱਥੇ ਇਸ ਸਬੰਧੀ ਇੱਕ ਮੀਟਿੰਗ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਗੱਤਕਾ ਐਸੋਸੀਏਸ਼ਨ ਦਿੱਲੀ ਦੇ ਚੇਅਰਮੈਨ ਅਤੇ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਬਜੀਤ ਸਿੰਘ ਵਿਰਕ, ਪ੍ਰਧਾਨ ਗੁਰਮੀਤ ਸਿੰਘ ਰਾਣਾ, ਜਨਰਲ ਸਕੱਤਰ ਜੀਤਇੰਦਰਪਾਲ ਸਿੰਘ, ਸੰਯੁਕਤ ਸਕੱਤਰ ਮੇਜਰ ਸਿੰਘ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਕੋਚਿੰਗ ਡਾਇਰੈਕਟੋਰੇਟ ਵੱਲੋਂ ਡਾਇਰੈਕਟਰ ਜੋਗਿੰਦਰ ਸਿੰਘ ਬੁੱਧ ਵਿਹਾਰ ਸ਼ਾਮਿਲ ਹੋਏ। ਇਸ ਮੀਟਿੰਗ ਦੌਰਾਨ ਤਾਲਕਟੋਰਾ ਸਟੇਡੀਅਮ ਵਿੱਚ ਹੋਣ ਵਾਲੇ ਨੈਸ਼ਨਲ ਟੂਰਨਾਮੈਂਟ ਦੀਆਂ ਤਿਆਰੀਆਂ ਸਬੰਧੀ ਲੇਖਾ-ਜੋਖਾ ਕੀਤਾ ਗਿਆ ਅਤੇ ਵੱਖ-ਵੱਖ ਬਣਾਈਆਂ ਗਈਆਂ ਕਮੇਟੀਆਂ ਦੇ ਮੈਂਬਰਾਂ ਨੂੰ ਉਹਨਾਂ ਦੀਆਂ ਡਿਊਟੀਆਂ ਸਬੰਧੀ ਗਿਆਤ ਕੀਤਾ ਗਿਆ।

# ਕੈਨੇਡਾ ਵੱਲੋਂ ਭਾਰਤ 'ਤੇ ਲਗਾਏ ਦੋਸ਼ 'ਗੰਭੀਰ', ਪੂਰੀ ਜਾਂਚ ਕਰਨ ਦੀ ਲੋੜ-ਅਮਰੀਕਾ

ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਵ੍ਹਾਈਟ ਹਾਊਸ ਨੇ ਕਿਹਾ ਕਿ ਖ਼ਾਲਿਸਤਾਨੀ ਵੱਖਵਾਦੀ ਦੀ ਹੱਤਿਆ ਵਿਚ ਭਾਰਤ ਦੀ ਸ਼ਮੂਲੀਅਤ ਦੇ ਕੈਨੇਡਾ ਦੇ ਦੋਸ਼ 'ਗੰਭੀਰ' ਹਨ ਅਤੇ ਇਸ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਲੋੜ ਹੈ। ਪਾਬੰਦੀਸ਼ੁਦਾ ਖਾਲਿਸਤਾਨ ਟਾਈਗਰ ਫੋਰਸ (ਕੇਟੀਐੱਫ) ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਭਾਰਤ ਨੇ 2020 ਵਿੱਚ ਨਿੱਝਰ ਨੂੰ ਅਤਵਾਦੀ ਕਰਾਰ ਦਿੱਤਾ ਸੀ। ਵ੍ਹਾਈਟ ਹਾਊਸ ਦੀ ਕੌਮੀ ਸੁਰੱਖਿਆ ਪਰਿਸ਼ਦ ਦੇ ਰਣਨੀਤਕ ਸੰਚਾਰ ਦੇ ਕੋਆਰਡੀਨੇਟਰ ਜੌਹਨ ਕਿਰਬੀ ਨੇ ਇੱਥੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਕੈਨੇਡਾ ਦੇ ਦਾਅਵਿਆਂ 'ਤੇ ਉਦੋਂ ਚਰਚਾ ਕੀਤੀ ਗਈ ਸੀ, ਜਦੋਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਾਨ ਨੇ ਪਿਛਲੇ ਹਫਤੇ ਵਾਸ਼ਿੰਗਟਨ ਵਿੱਚ ਮੁਲਾਕਾਤ ਕੀਤੀ ਸੀ। ਅਮਰੀਕਾ ਇਸ ਮਾਮਲੇ ਨੂੰ ਦੋਵਾਂ ਦੇਸ਼ਾਂ 'ਤੇ ਛੱਡਦਾ ਹੈ ਕਿ ਉਹ ਇਸ ਬਾਰੇ ਗੱਲ ਕਰਨ। ਉਨ੍ਹਾਂ ਕਿਹਾ, 'ਅਸੀਂ ਸਪੱਸ਼ਟ ਕਰ ਚੁੱਕੇ ਹਾਂ ਕਿ ਇਹ ਦੋਸ਼ ਗੰਭੀਰ ਹਨ, ਇਨ੍ਹਾਂ ਦੀ ਪੂਰੀ ਤਰ੍ਹਾਂ ਜਾਂਚ ਕਰਨ ਦੀ ਲੋੜ ਹੈ ਅਤੇ ਸਪੱਸ਼ਟ ਤੌਰ 'ਤੇ ਜਵੇਂ ਅਸੀਂ ਪਹਿਲਾਂ ਕਿਹਾ ਹੈ ਭਾਰਤ ਨੂੰ ਇਸ ਜਾਂਚ 'ਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕਰਦੇ ਹਾਂ।' ਵਿਦੇਸ਼ ਵਿਭਾਗ ਦੇ ਉਪ ਬੁਲਾਰੇ ਵੇਦਾਂਤ ਪਟੇਲ ਨੇ ਵੱਖਰੇ ਤੌਰ 'ਤੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਕੈਨੇਡਾ ਦੀ ਜਾਂਚ ਅੱਗੇ ਵਧੇ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ।

## ਕੈਨੇਡਾ ਨੇ ਨਵੀਂ ਦਿੱਲੀ ਵਿਚਲੇ ਆਪਣੇ ਹਾਈ ਕਮਿਸ਼ਨ ਦਾ ਸਟਾਫ਼ ਕੱਢਿਆ

ਟੋਰਾਂਟੋ-ਭਾਰਤ ਵੱਲੋਂ ਕੈਨੇਡਾ ਨੂੰ 10 ਅਕਤੂਬਰ ਤੱਕ ਦੇਸ਼ ਵਿਚਲੇ ਆਪਣੇ 62 ਵਿੱਚੋਂ 41 ਡਿਪਲੋਮੈਟਾਂ ਨੂੰ ਵਾਪਸ ਬੁਲਾਉਣ ਲਈ ਕਹਿਣ ਤੋਂ ਬਾਅਦ ਕੈਨੇਡਾ ਨੇ ਆਪਣੇ ਹਾਈ ਕਮਿਸ਼ਨ ਤੋਂ ਸਟਾਫ਼ ਨੂੰ ਬਾਹਰ ਕੱਢ ਲਿਆ ਹੈ। ਮੀਡੀਆ ਰਿਪੋਰਟ ਅਨੁਸਾਰ ਕੈਨੇਡਾ ਨੇ ਆਪਣੇ ਜ਼ਿਆਦਾਤਰ ਡਿਪਲੋਮੈਟਿਕ ਸਟਾਫ ਨੂੰ ਭਾਰਤ ਤੋਂ ਕੱਢ ਲਿਆ ਹੈ ਅਤੇ ਉਨ੍ਹਾਂ ਨੂੰ ਕੁਆਲਾਲੰਪੁਰ (ਮਲੇਸ਼ੀਆ) ਜਾਂ ਸਿੰਗਾਪੁਰ ਵਿੱਚ ਤਬਦੀਲ ਕਰ ਦਿੱਤਾ ਹੈ।

## ਵਿਧਾਇਕ ਸ਼ੇਰੋਵਾਲੀਆ ਦੀ ਕਾਰ ਨਾਲ ਹਾਦਸੇ 'ਚ ਇਕ ਹਲਾਕ

ਬੰਗਾ-ਇੱਥੋਂ ਲੰਘਦੇ ਨਵਾਂ ਸ਼ਹਿਰ-ਫਗਵਾੜਾ ਮੁੱਖ ਮਾਰਗ 'ਤੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਜਣੇ ਦੀ ਮੌਤ ਹੋ ਗਈ ਜਦੋਂਕਿ ਦੂਜਾ ਹਸਪਤਾਲ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ। ਇਹ ਹਾਦਸਾ ਹਲਕਾ ਸ਼ਾਹਕੋਟ ਦੇ ਵਿਧਾਇਕ ਲਾਡੀ ਸ਼ੇਰੋਵਾਲੀਆ ਦੀ ਗੱਡੀ ਨਾਲ ਸਕੂਟੀ ਟਕਰਾਉਣ ਕਾਰਨ ਵਾਪਰਿਆ। ਜਾਣਕਾਰੀ ਅਨੁਸਾਰ ਵਿਧਾਇਕ ਦੀ ਕਾਰ (ਪੀਬੀ 08 ਈਟੀ 0087) ਜਿਉਂ ਹੀ ਸੜਕ 'ਤੇ ਸਥਿਤ ਪਿੰਡ ਚੱਕ ਮੰਡੇਰ ਕੋਲ ਪੁੱਜੀ ਤਾਂ ਇਸ ਥਾਂ 'ਤੇ ਬਣੇ ਕੱਟ ਰਾਹੀਂ ਸੜਕ ਪਾਰ ਕਰਨ ਲਈ ਇੱਕ ਸਕੂਟੀ (ਪੀਬੀ 07 ਬੀ-ਐੱਫ 8001) ਉਨ੍ਹਾਂ ਦੀ ਕਾਰ ਨਾਲ ਟਕਰਾ ਗਈ। ਹਾਦਸੇ ਦੌਰਾਨ ਰਾਮ ਕਿਸ਼ਨ ਵਾਸੀ ਪਿੰਡ ਠੀਂਡਾ ਜ਼ਿਲ੍ਹਾ ਹੁਸ਼ਿਆਰਪੁਰ ਮੌਕੇ 'ਤੇ ਹੀ ਦਮ ਤੋੜ ਗਿਆ ਜਦੋਂਕਿ ਉਸੇ ਪਿੰਡ ਦੇ ਰਹਿਣ ਵਾਲੇ ਪ੍ਰਕਾਸ਼ ਰਾਮ ਨੂੰ ਤੁਰੰਤ ਢਾਹਾਂ ਕਲੇਰਾਂ ਦੇ ਗੁਰੂ ਨਾਨਕ ਮਿਸ਼ਨ ਹਸਪਤਾਲ ਦਾਖ਼ਲ ਕਰਵਾਇਆ ਗਿਆ।

## ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸਮਾਚਾਰ ਸੰਪਾਦਕ ਸੁਰਜੀਤ ਸਿੰਘ ਨਹੀਂ ਰਹੇ

ਮਾਨਸਾ-ਪੰਜਾਬੀ ਟ੍ਰਿਬਿਊਨ ਨਾਲ ਲੰਬੇ ਸਮੇਂ ਤੋਂ ਜੁੜੇ ਰਹੇ ਅਤੇ ਸਮਾਚਾਰ ਸੰਪਾਦਕ ਵਜੋਂ ਸੇਵਾਮੁਕਤ ਹੋਏ ਸੁਰਜੀਤ ਸਿੰਘ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਹਨ। ਉਹ 81 ਸਾਲਾਂ ਦੇ ਸਨ ਅਤੇ ਉਨ੍ਹਾਂ ਦੇ ਪਰਿਵਾਰ ਵਿੱਚ ਪਤਨੀ, ਬੇਟਾ ਤੇ ਬੇਟੀ ਹਨ। ਪਰਿਵਾਰ ਅਨੁਸਾਰ ਉਨ੍ਹਾਂ ਦਾ ਅੰਤਿਮ ਸੰਸਕਾਰ ਸੈਕਟਰ 25 ਸ਼ਮਸ਼ਾਨ ਘਾਟ ਵਿਚ ਕਰ ਦਿੱਤਾ ਗਿਆ।

# ਮੈਨੀਟੋਬਾ 'ਚ ਐਨ. ਡੀ. ਪੀ. ਨੇ ਚੋਣ ਜਿੱਤੀ

ਸਫ਼ਾ 1 ਦੀ ਬਾਕੀ

ਖਿਲਾਫ ਅਪਰਾਧ ਦੋਸ਼ ਸ਼ਾਮਿਲ ਸਨ। ਜਦੋਂ ਉਸ ਨੇ ਮੂਲਵਾਸੀ ਲੋਕਾਂ ਬਾਰੇ ਨਾਂਹਪੱਖੀ ਰੂੜ੍ਹੀਵਾਦੀ ਧਾਰਨਾਵਾਂ ਸਬੰਧੀ ਗੱਲਬਾਤ ਕੀਤੀ ਤਾਂ ਉਸ ਨੇ ਖੁਲ੍ਹੇ ਤੌਰ 'ਤੇ ਉਸ ਪਿਛੋਕੜ ਨੂੰ ਸਵੀਕਾਰ ਕੀਤਾ ਜਿਹੜਾ ਉਸ ਦੀ ਜਿੰਦਗੀ ਬਦਲਣ ਵਿਚ ਇਕ ਮਹੱਤਵਪੂਰਣ ਕਾਰਕ ਰਿਹਾ ਹੈ। ਪ੍ਰੋਗਰੈਸਿਵ ਕੰਸਰਵੇਟਿਵ ਨੇਤਾ ਹੈਦਰ ਸਟੀਫਨਸਨ ਜਿਸ ਨੇ ਦੋ ਸਾਲ ਪਹਿਲਾਂ ਪਾਰਟੀ ਦੀ ਵਾਗਡੋਰ ਹੱਥਾਂ ਵਿਚ ਲੈ ਕੇ ਸੂਬੇ ਦੀ ਪਹਿਲੀ ਔਰਤ ਪ੍ਰੀਮੀਅਰ ਬਣੀ ਨੇ ਆਪਣੇ ਪ੍ਰਚਾਰ ਦੌਰਾਨ ਸਮਾਜਿਕ ਤੌਰ 'ਤੇ ਕੰਸਰਵੇਟਿਵ ਅਹੁਦਿਆਂ ਵੱਲ ਧਿਆਨ ਦਿਵਾਇਆ ਅਤੇ ਵਾਰ ਵਾਰ ਇਹ ਵਾਅਦਾ ਕੀਤਾ ਕਿ ਉਸ ਥਾਂ 'ਤੇ ਉਨ੍ਹਾਂ ਮੂਲਵਾਸੀ ਔਰਤਾਂ ਦੇ ਕੰਗਾਲ ਦੀ ਖੋਜ ਨਹੀਂ ਕੀਤੀ ਜਾਵੇਗੀ ਜਿਨ੍ਹਾਂ ਬਾਰੇ ਪੁਲਿਸ ਨੂੰ ਸ਼ੱਕ ਹੈ ਕਿ ਉਨ੍ਹਾਂ ਨੂੰ ਉਸ ਥਾਂ 'ਤੇ ਦਫਨਾਇਆ ਗਿਆ ਸੀ। ਐਨਡੀਪੀ ਦੀ ਜਿੱਤ ਨੇ ਅਲਬਰਟਾ ਤੋਂ ਲੈ ਕੇ ਮੈਰੀਟਾਈਮਜ਼ ਤਕ ਸੱਜੇ ਪੱਖੀ ਝੁਕਾਅ ਵਾਲੇ ਸੂਬਾ ਪ੍ਰੀਮੀਅਰਾਂ ਦੇ ਗੱਠਜੋੜ ਨੂੰ ਤੋੜ ਦਿੱਤਾ ਹੈ ਅਤੇ ਵੈਸਟਰਨ ਕੈਨੇਡਾ ਵਿਚ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਸਹਿਯੋਗੀ ਹੋ ਸਕਦਾ ਹੈ। ਕਿਨਿਊ ਦਾ ਪ੍ਰੀਮੀਅਰ ਦਫ਼ਤਰ ਦਾ ਰਸਤਾ ਕੈਨੇਡੀਅਨ ਰਾਜਨੀਤੀ ਵਿਚ ਫਸਟ ਨੇਸ਼ਨਜ਼ ਦੀ ਪ੍ਰਤੀਨਿਧਤਾ ਲਈ ਇਕ ਪ੍ਰਾਪਤੀ ਦੀ ਨਿਸ਼ਾਨਦੇਹੀ ਕਰਦਾ ਹੈ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਗੁਰਮਿੰਦਰ ਸਿੰਘ ਗੈਰੀ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ ਨਿਯੁਕਤ

## 'ਆਪ' ਦੇ ਕਾਰਜਕਾਲ 'ਚ ਐਡਵੋਕੇਟ ਜਨਰਲ ਦੀ ਦੋ ਵਾਰ ਰੱਦੋਬਦਲ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਸੀਨੀਅਰ ਐਡਵੋਕੇਟ ਗੁਰਮਿੰਦਰ ਸਿੰਘ ਗੈਰੀ ਨੂੰ ਸੂਬੇ ਦਾ ਨਵਾਂ ਐਡਵੋਕੇਟ ਜਨਰਲ ਨਿਯੁਕਤ ਕੀਤਾ ਹੈ। ਉਹ ਸੂਬੇ ਦੇ 35ਵੇਂ ਏਜੀ ਬਣੇ ਹਨ। ਪੰਜਾਬ ਕੈਬਨਿਟ ਵੱਲੋਂ ਗੁਰਮਿੰਦਰ ਸਿੰਘ ਗੈਰੀ ਦੀ ਨਿਯੁਕਤੀ 'ਤੇ ਮੋਹਰ ਲਾਉਣ ਮਗਰੋਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਨਵਾਂ ਐਡਵੋਕੇਟ ਜਨਰਲ ਨਿਯੁਕਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਰਾਜਪਾਲ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਗੁਰਮਿੰਦਰ ਸਿੰਘ ਨੇ ਐਡਵੋਕੇਟ ਜਨਰਲ ਦਫ਼ਤਰ 'ਚ ਆਪਣਾ ਅਹੁਦਾ ਸੰਭਾਲ ਲਿਆ ਹੈ। ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਨੇ ਮਾਰਚ 2022 ਵਿੱਚ ਸੂਬੇ ਦੀ ਵਾਗਡੋਰ ਸੰਭਾਲਣ ਮਗਰੋਂ ਦੋ ਦਫ਼ਾ ਐਡਵੋਕੇਟ ਜਨਰਲ ਦੀ ਰੱਦੋਬਦਲ ਕੀਤੀ ਹੈ। ਐਡਵੋਕੇਟ ਜਨਰਲ ਵਨੋਦ ਘਈ ਨੇ ਬੁੱਧਵਾਰ ਨੂੰ ਨਿੱਜੀ ਕਾਰਨਾਂ ਦਾ ਹਵਾਲਾ ਦੇ ਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। 'ਆਪ' ਸਰਕਾਰ ਨੇ ਰਾਜ ਭਾਗ ਸੰਭਾਲਣ ਤੋਂ ਮਗਰੋਂ ਡਾ. ਅਨਮੋਲ ਰਤਨ ਸਿੱਧੂ ਨੂੰ 19 ਮਾਰਚ 2022 ਨੂੰ ਐਡਵੋਕੇਟ ਜਨਰਲ ਨਿਯੁਕਤ ਕੀਤਾ ਸੀ ਜੋ 20 ਜੁਲਾਈ 2022 ਤੱਕ ਅਹੁਦੇ 'ਤੇ ਬਣੇ ਰਹੇ। ਉਨ੍ਹਾਂ ਵੱਲੋਂ ਅਸਤੀਫ਼ਾ ਦੇਣ ਮਗਰੋਂ ਮਗਰੋਂ ਵਨੋਦ ਘਈ ਐਡਵੋਕੇਟ ਜਨਰਲ ਨੂੰ ਅਹੁਦੇ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਸੂਤਰ ਦੱਸਦੇ ਹਨ ਕਿ ਸਰਕਾਰ ਪਿਛਲੇ ਸਮੇਂ ਦੌਰਾਨ ਪੰਚਾਇਤਾਂ ਭੰਗ ਕੀਤੇ ਜਾਣ ਦੇ ਮੁੱਦੇ 'ਤੇ ਮਿਲੀ ਨਮੋਸ਼ੀ ਕਾਰਨ ਐਡਵੋਕੇਟ ਜਨਰਲ ਵਨੋਦ ਘਈ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਸੀ। ਇਸੇ ਤਰ੍ਹਾਂ ਆਟਾ ਦਾਲ ਦੀ ਹੋਮ ਡਲਿਵਰੀ ਦੇ ਮਾਮਲੇ ਵਿਚ ਕਾਨੂੰਨੀ ਅੜਿੱਕੇ ਆਉਣ 'ਤੇ ਸਰਕਾਰ ਨੂੰ ਪਿੱਛੇ ਹਟਣਾ ਪਿਆ। ਕੁਝ ਦਿਨਾਂ ਤੋਂ ਵਨੋਦ ਘਈ ਨੂੰ ਬਦਲੇ ਜਾਣ ਦੀ ਚਰਚਾ ਚੱਲ ਰਹੀ ਸੀ। ਅੱਜ ਨਿਯੁਕਤ ਕੀਤੇ ਨਵੇਂ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਗੈਰੀ ਪਹਿਲਾਂ ਸਹਾਇਕ ਐਡਵੋਕੇਟ ਜਨਰਲ, ਡਿਪਟੀ ਐਡਵੋਕੇਟ ਜਨਰਲ ਅਤੇ ਐਡੀਸ਼ਨਲ ਐਡਵੋਕੇਟ ਜਨਰਲ ਦੇ ਅਹੁਦੇ 'ਤੇ ਰਹਿ ਚੁੱਕੇ ਹਨ। ਉਨ੍ਹਾਂ ਕੋਲ ਵਕਾਲਤ 'ਚ ਲਗਪਗ ਤਿੰਨ ਦਹਾਕੇ ਦਾ ਤਜਰਬਾ ਹੈ। ਗੈਰੀ ਨੇ ਪੰਜਾਬ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਕੀਤੀ ਹੋਈ ਹੈ ਅਤੇ 1989 ਤੋਂ ਆਪਣੀ ਪ੍ਰੈਕਟਿਸ ਦੀ ਸ਼ੁਰੂਆਤ ਕੀਤੀ ਸੀ। ਸੂਤਰਾਂ ਅਨੁਸਾਰ ਮੁੱਖ ਮੰਤਰੀ, ਐਡਵੋਕੇਟ ਜਨਰਲ ਦਫ਼ਤਰ ਦੀ ਬਾਕੀ ਟੀਮ ਦੇ ਕੁੱਝ ਹਿੱਸੇ ਤੋਂ ਵੀ ਨਾਖ਼ੁਸ਼ ਹਨ ਅਤੇ ਉਹ ਅਗਲੇ ਪੜਾਅ ਵਜੋਂ ਏਜੀ ਦਫ਼ਤਰ ਦੇ ਬਾਕੀ ਕਾਨੂੰਨ ਅਫ਼ਸਰਾਂ 'ਚੋਂ ਵੀ ਛਾਂਟੀ ਕਰ ਸਕਦੇ ਹਨ। ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਦਫ਼ਤਰ ਇਹ ਖ਼ਬਰ ਪਹੁੰਚੀ ਹੈ ਕਿ ਇੱਕ ਦੋ ਕਾਨੂੰਨ ਅਫ਼ਸਰਾਂ ਦੀਆਂ ਕਾਨੂੰਨ ਦੀਆਂ ਡਿਗਰੀਆਂ ਵੀ ਸ਼ੱਕੀ ਹਨ, ਜਨ੍ਹਿਾਂ ਦੀ ਜਾਂਚ ਵੀ ਚੱਲੀ ਹੈ। ਮੁੱਖ ਮੰਤਰੀ ਦਫ਼ਤਰ ਬਾਕੀ ਕਾਨੂੰਨ ਅਫ਼ਸਰਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਵੀ ਕਰਾ ਰਹੇ ਹਨ। ਸੰਭਾਵਨਾ ਹੈ ਕਿ ਆਉਂਦੇ ਦਿਨਾਂ ਵਿਚ ਏਜੀ ਦਫ਼ਤਰ ਵਿਚ ਹੋਰ ਰੱਦੋਬਦਲ ਵੀ ਹੋ ਸਕਦੀ ਹੈ। ਜਾਣਕਾਰੀ ਅਨੁਸਾਰ ਐਡਵੋਕੇਟ ਜਨਰਲ ਐਸ.ਐਮ. ਸੀਕਰੀ ਸਾਂਝੇ ਪੰਜਾਬ ਦੇ ਪਹਿਲੇ ਏਜੀ ਬਣੇ ਸਨ, ਜਨ੍ਹਿਾਂ ਦਾ ਹੁਣ ਤੱਕ ਸਭ ਤੋਂ ਲੰਮਾ ਸਮਾਂ ਅਹੁਦੇ 'ਤੇ ਬਣੇ ਰਹਿਣ ਦਾ ਰਿਕਾਰਡ ਹੈ। ਉਹ 1 ਨਵੰਬਰ 1956 ਤੋਂ 2 ਫਰਵਰੀ 1964 ਤੱਕ ਅਹੁਦੇ 'ਤੇ ਰਹੇ ਸਨ। ਹਰਦੇਵ ਸਿੰਘ ਮੱਤੇਵਾਲ ਵੀ ਅਕਾਲੀ ਸਰਕਾਰ ਸਮੇਂ ਦੋ ਟਰਮਾਂ ਵਿਚ ਕਰੀਬ ਅੱਠ ਸਾਲ ਤਿੰਨ ਮਹੀਨੇ ਇਸ ਅਹੁਦੇ 'ਤੇ ਰਹੇ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸਮੇਂ ਜੋਗਿੰਦਰ ਸਿੰਘ ਵਾਸੂ ਕਰੀਬ ਪੰਜ ਸਾਲ ਪੰਜ ਮਹੀਨੇ ਅਤੇ ਅਕਾਲੀ ਸਰਕਾਰ ਸਮੇਂ ਅਸ਼ੋਕ ਅਗਰਵਾਲ ਪੰਜ ਸਾਲ ਪੰਜ ਮਹੀਨੇ ਐਡਵੋਕੇਟ ਜਨਰਲ ਰਹੇ ਸਨ।



# ਗੈਂਗਸਟਰ ਅਰਸ਼ ਡਾਲਾ ਦੇ ਨਾਂ 'ਤੇ ਫਿਰੌਤੀ ਮੰਗਣ ਆਏ ਤਿੰਨ ਕਾਬੂ

### ਮੋਗਾ ਵਿਚ ਕਾਬੂ ਕੀਤੇ ਗਏ ਮੁਲਜ਼ਮ

ਮੋਗਾ-ਇੱਥੇ ਅੱਜ ਗੈਂਗਸਟਰ ਅਰਸ਼ ਡਾਲਾ ਦੇ ਨਾਂ 'ਤੇ ਫਿਰੌਤੀ ਮੰਗਣ ਆਏ ਤਿੰਨ ਨੌਜਵਾਨ ਪੁਲੀਸ ਨੇ ਕਾਬੂ ਕਰ ਲਏ। ਇਥੇ ਅੱਜ ਕੱਪੜਾ ਮਾਰਕੀਟ ਭੀਮ ਨਗਰ ਕੈਂਪ ਵਿੱਚ ਥੋਕ ਵਪਾਰੀ ਜੱਗੀ ਬੱਗੀ ਨਾਮ 'ਤੇ ਮਸ਼ਹੂਰ ਸ਼ੋਅਰੂਮ ਵਿੱਚ ਦਨਿ ਦਿਹਾੜੇ ਤਿੰਨ ਨੌਜਵਾਨ ਦਾਖ਼ਲ ਹੋਏ। ਉਨ੍ਹਾਂ ਕਾਊਂਟਰ ਉੱਤੇ ਬੈਠੇ ਮਾਲਕ ਨੂੰ ਆਪਣੇ ਚਲਦੇ ਫ਼ੋਨ ਉੱਤੇ ਗੈਂਗਸਟਰ ਅਰਸ਼ ਡਾਲਾ ਨਾਲ ਗੱਲ ਕਰਨ ਲਈ ਆਖਿਆ। ਇਹ ਸਾਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ। ਦੁਕਾਨ ਮਾਲਕ ਨੇ ਮੁਲਜ਼ਮਾਂ ਨੂੰ ਗੱਲਾਂ ਵਿਚ ਉਲਝਾ ਲਿਆ ਅਤੇ ਕਿਸੇ ਤਰ੍ਹਾਂ ਬਾਹਰ ਦੁਕਾਨਦਾਰਾਂ ਨੂੰ ਸੂਚਨਾ ਭੇਜ ਦਿੱਤੀ। ਇਥੇ ਕੱਪੜਾ ਮਾਰਕੀਟ ਵਿੱਚ ਤਾਇਨਾਤ ਪੁਲੀਸ ਮੁਲਾਜ਼ਮ ਵੀ ਮੌਕੇ ਉੱਤੇ ਪੁੱਜ ਗਿਆ ਅਤੇ ਇਸ ਦੌਰਾਨ ਮੋਟਰਸਾਈਕਲ ਸਵਾਰ ਪੀਸੀਆਰ ਪੁਲੀਸ ਵੀ ਪਹੁੰਚ ਗਈ। ਪੁਲੀਸ ਨੇ ਦੋ ਨੌਜਵਾਨਾਂ ਨੂੰ ਕਾਬੂ ਕਰ ਲਿਆ ਅਤੇ ਇੱਕ ਨੌਜਵਾਨ ਜਿਸ ਕੋਲ ਪਿਸਤੌਲ ਦੱਸਿਆ ਜਾਂਦਾ ਹੈ, ਉਹ ਪੁਲੀਸ ਮੁਲਾਜ਼ਮਾਂ ਦੇ ਪੁੱਜਣ ਤੋਂ ਪਹਿਲਾਂ ਹੀ ਰਫ਼ੂਚੱਕਰ ਹੋ ਗਿਆ। ਮਗਰੋਂ ਸੀਆਈਏ ਸਟਾਫ਼ ਪੁਲੀਸ ਨੇ ਫ਼ਰਾਰ ਤੀਜੇ ਮੁਲਜ਼ਮ ਨੂੰ ਵੀ ਕਾਬੂ ਕਰ ਲਿਆ। ਪੁਲੀਸ ਸੂਤਰਾਂ ਅਨੁਸਾਰ ਤਿੰਨੇ ਮੁਲਜ਼ਮ ਕਿਸੇ ਮਾਮਲੇ ਵਿਚ ਜੇਲ੍ਹ ਵਿੱਚੋਂ ਜਮਾਨਤ ਉੱਤੇ ਆਏ ਸਨ। ਮੁਲਜ਼ਮਾਂ ਦੀ ਪਛਾਣ ਅਕਾਸ਼ਦੀਪ ਸਿੰਘ ਪਿੰਡ ਕੋਟਲੀ ਅਬਲੂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਲਵਪ੍ਰੀਤ ਸਿੰਘ ਪਿੰਡ ਅਜਿੱਤ ਗਿੱਲ ਜ਼ਿਲ੍ਹਾ ਫ਼ਰੀਦਕੋਟ ਜਨ੍ਹਿਾਂ ਨੂੰ ਪੁਲੀਸ ਨੇ ਮੌਕੇ ਉੱਤੇ ਹੀ ਕਾਬੂ ਕਰ ਲਿਆ ਸੀ। ਫ਼ਰਾਰ ਮੁਲਜ਼ਮ ਨੂੰ ਪਿੰਡ ਮਾੜੀ ਮੁਸਤਫ਼ਾ ਤੋਂ ਕਾਬੂ ਕਰ ਲਿਆ ਜਿਸ ਦੀ ਪਛਾਣ ਗੁਰਪਿਆਰ ਸਿੰਘ ਉਰਫ਼ ਖੱਡੂ ਵਜੋਂ ਹੋਈ ਹੈ। ਉਸ ਕੋਲੋਂ ਪਿਸਤੌਲ ਅਤੇ ਵਾਰਦਾਤ ਲਈ ਵਰਤਿਆ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ।

# ਅੰਮ੍ਰਿਤਸਰ 'ਚ ਦਵਾਈਆਂ ਬਣਾਉਣ ਵਾਲੀ ਫੈਕਟਰੀ 'ਚ ਅੱਗ ਲੱਗਣ ਕਾਰਨ ਔਰਤ ਸਣੇ 4 ਮਜ਼ਦੂਰਾਂ ਦੀ ਮੌਤ

ਅੰਮ੍ਰਿਤਸਰ-ਇਸ ਸ਼ਹਿਰ ਦੇ ਬਾਹਰਵਾਰ ਦਵਾਈਆਂ ਦੀ ਫੈਕਟਰੀ ਵਿੱਚ ਵੀਰਵਾਰ ਰਾਤ ਨੂੰ ਭਿਆਨਕ ਅੱਗ ਲੱਗ ਗਈ, ਜਿਸ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਅੰਮ੍ਰਿਤਸਰ ਦੇ ਬਾਹਰਵਾਰ ਮਜੀਠਾ ਰੋਡ 'ਤੇ ਪਿੰਡ ਨਾਗ ਕਲਾਂ 'ਚ ਦਵਾਈ ਬਣਾਉਣ ਵਾਲੀ ਇਕਾਈ 'ਚ ਅੱਗ ਲੱਗ ਗਈ। ਮਜੀਠਾ ਥਾਣੇ ਦੇ ਇੰਚਾਰਜ ਬਲਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਉਨ੍ਹਾਂ ਦੱਸਿਆ ਕਿ ਔਰਤ ਸਮੇਤ ਫੈਕਟਰੀ ਦੇ ਚਾਰ ਮਜ਼ਦੂਰਾਂ ਨੂੰ ਬੇਹੋਸ਼ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਕਾਰਨ ਪੂਰੇ ਪਿੰਡ ਵਿੱਚ ਧੂੰਆਂ ਫੈਲ ਗਿਆ। ਅੱਗ 'ਤੇ ਕਾਬੂ ਪਾਉਣ ਲਈ ਸੱਤ ਫਾਇਰ ਟੈਂਡਰ ਭੇਜੇ ਗਏ।

# ਥਾਣਾ ਮੁਖੀ ਵੱਢੀ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ

ਮੋਗਾ-ਵਿਜੀਲੈਂਸ ਬਿਊਰੋ ਫ਼ਿਰੋਜ਼ਪੁਰ ਨੇ ਥਾਣਾ ਧਰਮਕੋਟ ਮੁਖੀ ਨੂੰ 10 ਹਜ਼ਾਰ ਰੁਪਏ ਦੀ ਵੱਢੀ ਲੈਂਦੇ ਰੰਗੀ ਹੱਥੀਂ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਦੂਜੇ ਪਾਸੇ ਮੁਲਜ਼ਮ ਥਾਣਾ ਮੁਖੀ ਦਾ ਕਹਿਣਾ ਹੈ ਕਿ ਉਸ ਨਾਲ ਵਿਜੀਲੈਂਸ ਵੱਲੋਂ ਧੱਕੇਸ਼ਾਹੀ ਕੀਤੀ ਗਈ। ਉਸ ਨੇ ਪੈਸਿਆਂ ਨੂੰ ਹੱਥ ਨਹੀਂ ਲਗਾਇਆ ਜੋ ਬਰਾਮਦਗੀ ਹੋਈ ਹੈ ਉਸ ਦੇ ਟੇਬਲ ਤੋਂ ਕੀਤੀ ਗਈ ਹੈ। ਐੱਸਐੱਸਪੀ ਵਿਜੀਲੈਂਸ ਗੁਰਮੀਤ ਸਿੰਘ ਨੇ ਦੱਸਿਆ ਕਿ ਵਿਜੀਲੈਂਸ ਦੀ ਟੀਮ ਵੱਲੋਂ ਥਾਣਾ ਧਰਮਕੋਟ ਮੁਖੀ ਇਸਪੈਕਟਰ ਗੁਰਵਿੰਦਰ ਸਿੰਘ ਭੁੱਲਰ ਨੂੰ 10 ਹਜ਼ਾਰ ਰੁਪਏ ਦੀ ਵੱਢੀ ਲੈਂਦੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਥਾਣਾ ਵਿਜੀਲੈਂਸ ਫ਼ਿਰੋਜ਼ਪੁਰ ਵਿੱਚ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਸੁਖਵਿੰਦਰ ਸਿੰਘ ਪਿੰਡ ਨੂਰਪੁਰ ਹਕੀਮਾਂ ਨੇ ਦੱਸਿਆ ਸੀ ਕਿ ਉਸ ਦੇ ਚੋਰੀ ਹੋਏ ਟਰੱਕ ਨੂੰ ਲੱਭਣ ਲਈ ਇਹ ਵੱਢੀ ਮੰਗੀ ਗਈ ਸੀ।


**Injured in an accident?**

**ICBC claim?**

**We can help.**

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

# ਗ਼ਜ਼ਲ ਗਾਇਕ ਪ੍ਰਿੰਸ ਸੁਖਦੇਵ ਦੀ ਸੰਗੀਤਕ ਮਹਿਫ਼ਿਲ ਨੇ ਸਰੋਤਿਆਂ ਨੂੰ ਮੋਹ ਲਿਆ

ਸਰੀ (ਹਰਦਮ ਮਾਨ)-ਪੰਜਾਬੀ ਬੋਲੀ, ਕਲਾ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਬੀ.ਸੀ. ਦੀ ਉੱਘੀ ਸ਼ਖ਼ਸੀਅਤ ਜਤਿੰਦਰ ਜੇ ਮਿਨਹਾਸ ਵੱਲੋਂ ਰਿਫਲੈਕਸ਼ਨ ਬੈਂਕੁਇਟ ਐਂਡ ਕਨਵੈਨਸ਼ਨ ਸੈਂਟਰ ਸਰੀ ਵਿਖੇ ਪ੍ਰਸਿੱਧ ਗ਼ਜ਼ਲ ਗਾਇਕ ਪ੍ਰਿੰਸ ਸੁਖਦੇਵ ਨਾਲ ਸੰਗੀਤਕ ਸ਼ਾਮ ਮਨਾਈ ਗਈ। ਇਸ ਮਹਿਫ਼ਿਲ ਦਾ ਆਗਾਜ਼ ਉੱਘੇ ਪ੍ਰਮੋਟਰ ਇੰਦਰਜੀਤ ਸਿੰਘ ਬੈਂਸ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਗ਼ਜ਼ਲ ਗਾਇਕ ਪ੍ਰਿੰਸ ਸੁਖਦੇਵ ਨੇ ਸੂਫੀਆਨਾ ਕਲਾਮ ਤੋਂ ਮਹਿਫ਼ਿਲ ਦੀ ਸ਼ੁਰੂਆਤ ਕੀਤੀ ਅਤੇ ਫਿਰ ਇਕ ਤੋਂ ਬਾਅਦ ਇਕ 'ਸਾਹਿਬ ਤੇਰੀ ਬੰਦੀ ਹਾਂ, ਚੰਗੀ ਹਾਂ ਜਾਂ ਮੰਦੀ ਹਾਂ', 'ਤੁਮਾਰ੍ਹੇ ਸ਼ਹਿਰ ਕਾ ਮੌਸਮ ਬੜਾ ਸੁਹਾਣਾ ਲਗੇ, ਮੈਂ ਇਕ ਸ਼ਾਮ ਚੁਰਾ ਲੂੰ ਅਗਰ ਬੁਰਾ ਨਾ ਲਗੇ', 'ਹਾੜਾ ਓਏ ਰੱਬਾ ਵੇ ਮੈਂ ਦਿਲ ਬਦਲਾਉਣਾ', 'ਸੋਹਣੀਏ ਜੇ ਤੇਰੇ ਨਾਲ ਦਗ਼ਾ ਮੈਂ ਕਮਾਵਾਂ ਤੇ ਰੱਬ ਦੀ ਸਹੁੰ ਮੈਂ ਮਰ ਜਾਵਾਂ', 'ਸਾਨੂੰ ਕਿੰਨਾ ਤੂੰ ਪਿਆਰਾ ਸਾਡਾ ਰੱਬ ਜਾਣਦੈ', 'ਦਿਲ ਤੇਰੀ ਜਾਨ ਨੂੰ ਰੋਵੇ', 'ਹਮ ਤੇਰੇ ਸ਼ਹਿਰ ਮੇਂ ਆਏ ਹੈਂ ਮੁਸਾਫ਼ਿਰ ਕੀ ਤਰਹ', 'ਤੋੜ ਤਸਵੀ ਤੇ ਭੰਨ ਸੁੱਟ ਲੋਟਾ ਐਵੇਂ ਨ੍ਹੀਂ ਤੈਨੂੰ ਰੱਬ ਲੱਭਣਾ', 'ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ', 'ਤਾਰਿਆਂ 'ਚ ਰਹਿੰਦੀ ਮੇਰੀ ਮਾਂ ਨੂੰ ਸਲਾਮ' ਆਦਿ ਗੀਤਾਂ, ਗ਼ਜ਼ਲਾਂ ਨੂੰ ਆਪਣੀ ਸੁਰੀਲੀ ਤੇ ਬੁਲੰਦ ਆਵਾਜ਼ ਵਿਚ ਪੇਸ਼ ਕੀਤਾ। ਉਸ ਦੀ ਕਲਾ ਅਤੇ ਅਦਾਇਗੀ ਹਾਜਰ ਸਰੋਤਿਆਂ ਦੇ ਦਿਲਾਂ ਨੂੰ ਦੇਰ ਤੱਕ ਸੰਗੀਤਕ ਸਕੂਨ ਬਖਸ਼ਦੀ ਰਹੇਗੀ। ਇਸ ਮਹਿਫ਼ਿਲ ਵਿਚ ਵਿਸ਼ੇਸ਼ ਤੌਰ ਤੇ ਹਾਜਰ ਹੋਏ ਅਸ਼ੋਕ ਬਾਂਸਲ ਮਾਨਸਾ ਨੇ ਗੀਤਾਂ ਦੀ ਗੱਲ ਕਰਦਿਆਂ ਕਿਹਾ ਕਿ ਸਾਡੇ ਗੀਤ ਲੋਰੀਆਂ ਤੋਂ ਵੈਣਾਂ ਤੱਕ ਸਾਡਾ ਸਾਥ ਨਿਭਾਉਂਦੇ ਹਨ। ਉਨ੍ਹਾਂ ਅਫਸੋਸ ਵੀ ਜ਼ਾਹਰ ਕੀਤਾ ਕਿ ਅਸੀਂ ਬਹੁਤ ਸਾਰੇ ਮਹਾਨ ਗੀਤਕਾਰਾਂ ਨੂੰ ਵਿਸਾਰ ਚੁੱਕੇ ਹਾਂ। ਉਨ੍ਹਾਂ ਭੁੱਲੇ ਵਿਸਰੇ ਪੰਜਾਬੀ ਗੀਤਕਾਰਾਂ ਬਾਰੇ ਆਪਣੀ ਖੋਜ ਪੁਸਤਕ 'ਮਿੱਟੀ ਨੂੰ ਫ਼ਰੋਲ ਜੋਗੀਆਂ' ਦੇ ਖੋਜ ਕਾਰਜ ਵੀ ਵਿਚਾਰ ਸਾਂਝੇ ਕੀਤੇ। ਮਹਿਫ਼ਿਲ ਦੇ ਹੋਸਟ ਜਤਿੰਦਰ ਜੇ ਮਿਨਹਾਸ ਨੇ ਮਾਂ ਬੋਲੀ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਪਣੀ ਮਾਂ ਬੋਲੀ ਭੁਲਾਉਣ ਵਾਲੇ ਲੋਕਾਂ ਦੇ ਕਈ ਦੇਸ਼ ਆਪਣੀ ਹੋਂਦ ਗੁਆ ਚੁੱਕੇ ਹਨ। ਉਨ੍ਹਾਂ ਪੰਜਾਬੀ ਬੋਲੀ ਨੂੰ ਪਿਆਰ ਕਰਨ ਦੀ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਹੁਣ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਿਆਂ ਨੂੰ ਸ਼ਰਮਾਉਣ ਦੀ ਬਜਾਏ ਮਾਣ ਮਹਿਸੂਸ ਕਰਨ ਚਾਹੀਦਾ ਹੈ ਕਿਉਂਕਿ ਪੰਜਾਬੀ ਭਾਸ਼ਾ ਹੁਣ ਕੈਨੇਡਾ ਵਿਚ ਰੁਜ਼ਗਾਰ ਦਾ ਜ਼ਰੀਆ ਵੀ ਬਣ ਚੁੱਕੀ ਹੈ। ਉਨ੍ਹਾਂ ਗ਼ਜ਼ਲ ਗਾਇਕ ਪ੍ਰਿੰਸ ਸੁਖਦੇਵ ਅਤੇ ਮਹਿਫ਼ਿਲ ਵਿਚ ਹਾਜਰ ਸਭਨਾਂ ਸ਼ਖ਼ਸੀਅਤਾਂ ਦਾ ਦਿਲੀ ਧੰਨਵਾਦ ਕੀਤਾ।












mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
Call today to get started
SANJEEV KATYAL
604.767.5194
info@katyalmortgage.ca
invis
Canada's Mortgage Experts™
MORTGAGE INTELLIGENCE®
WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786







# ਸਾਡਾ ਰਿਸ਼ਤਾ ਇਨਸਾਨੀਅਤ ਦਾ ਰਿਸ਼ਤਾ ਹੈ, ਇਹ ਟੁੱਟਣ ਵਾਲਾ ਨਹੀਂ-ਅਖ਼ਤਰ ਹੁਸੈਨ ਸੰਧੂ

ਸਰੀ (ਹਰਦਮ ਮਾਨ)-'ਸਾਡਾ ਰਿਸ਼ਤਾ ਇਨਸਾਨੀਅਤ ਦਾ ਰਿਸ਼ਤਾ ਹੈ, ਅਸੀਂ ਪੰਜਾਬ ਦੇ ਪੁੱਤਰ/ਧੀਆਂ ਹਾਂ, ਪੰਜਾਬ ਦੀ ਧਰਤੀ ਅਤੇ ਪੰਜਾਬੀ ਬੋਲੀ ਸਾਡੀ ਮਾਂਵਾਂ ਹਨ। ਇਹ ਬਹੁਤ ਹੀ ਗਹਿਰਾ ਰਿਸ਼ਤਾ ਟੁੱਟਣ ਵਾਲਾ ਨਹੀਂ'। ਇਹ ਲਫ਼ਜ਼ ਲਹਿੰਦੇ ਪੰਜਾਬ ਦੇ ਨਾਮਵਰ ਵਿਦਵਾਨ ਅਤੇ ਇਤਿਹਾਸਕਾਰ ਡਾ. ਅਖ਼ਤਰ ਹੁਸੈਨ ਸੰਧੂ ਨੇ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਉਨ੍ਹਾਂ ਦੇ ਮਾਣ ਵਿਚ ਕਰਵਾਏ ਇਕ ਸਮਾਗਮ ਵਿਚ ਬੋਲਦਿਆਂ ਕਹੇ। ਉਨ੍ਹਾਂ ਕਿਹਾ ਕਿ 1947 ਦਾ ਦੁਖਾਂਤ ਵਾਪਰਿਆ, ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗਾਂ ਵੀ ਹੋਈਆਂ ਪਰ ਪੰਜਾਬੀਆਂ ਦਾ ਰਿਸ਼ਤਾ ਫਿੱਕਾ ਨਹੀਂ ਪਿਆ। 76 ਸਾਲਾਂ ਤੋਂ ਵਿਛੜੇ ਪੰਜਾਬੀਆਂ ਦਾ ਅੱਜ ਵੀ ਕਰਤਾਰਪੁਰ ਦੇ ਲਾਂਘੇ ਰਾਹੀਂ ਮਿਲਾਪ ਹੋ ਰਿਹਾ ਹੈ। ਕਰਤਾਰਪੁਰ ਦੇ ਲਾਂਘੇ ਬਾਰੇ ਉਨ੍ਹਾਂ ਕਿਹਾ ਕਿ ਅਸਲ ਵਿਚ ਇਹ ਸਭ ਗੁਰੂ ਨਾਨਕ ਦੇਵ ਜੀ ਦੇ ਪੈਗ਼ਾਮ ਸਦਕਾ ਹੀ ਸੰਭਵ ਹੋ ਸਕਿਆ ਹੈ ਅਤੇ ਰਾਜਨੀਤੀ ਨੂੰ ਮਾਤ ਪਈ ਹੈ। ਡਾ. ਅਖ਼ਤਰ ਹੁਸੈਨ ਸੰਧੂ ਨੇ ਕਿਹਾ ਕਿ ਗੁਰਦੁਆਰੇ ਅਸਲ ਵਿਚ ਕਮਿਊਨਿਟੀ ਸੈਂਟਰ ਹਨ ਅਤੇ ਇਨ੍ਹਾਂ ਦੇ ਬੂਹੇ ਸਭਨਾਂ ਲਈ ਖੁੱਲ੍ਹੇ ਹਨ, ਲੰਗਰ ਦੀ ਮਹਾਨ ਪਰੰਪਰਾ ਸਦਕਾ ਇਹ ਇਨਸਾਨੀਅਤ ਦਾ ਕੇਂਦਰ ਬਣ ਗਏ ਹਨ। ਏਸੇ ਕਰਕੇ ਹੀ ਪੰਜਾਬ ਚੋਂ ਇਨਸਾਨੀਅਤ ਦੀ ਉੱਠਣ ਵਾਲੀ ਆਵਾਜ਼ ਅੱਜ ਦੁਨੀਆਂ ਭਰ ਵਿਚ ਗੂੰਜ ਰਹੀ ਹੈ। ਉਨ੍ਹਾਂ ਕਿਹਾ ਕਿ ਮੁਹੱਬਤਾਂ ਵੰਡਣਾ ਮਨੁੱਖਤਾ ਦਾ ਕਾਰਜ ਹੈ ਅਤੇ ਆਉਣ ਵਾਲੀ ਪੀੜ੍ਹੀ ਤੱਕ ਸਾਡੀ ਬੋਲੀ, ਸਾਡੇ ਸੱਭਿਆਚਾਰ ਅਤੇ ਇਨਸਾਨੀਅਤ ਦਾ ਪਾਸਾਰ ਕਰਨਾ ਅਤੇ ਗੁਰੂਆਂ ਵੱਲੋਂ ਜਾਤ ਪਾਤ ਅਤੇ ਜ਼ੁਲਮ ਦੇ ਖ਼ਿਲਾਫ਼ ਦਿੱਤੇ ਪੈਗ਼ਾਮ ਨੂੰ ਲੈ ਕੇ ਅੱਗੇ ਚੱਲਣਾ ਏਹੀ ਸਾਡੀ ਰੀਤ ਹੈ। ਚੜ੍ਹਦੇ ਪੰਜਾਬ ਤੋਂ ਆਈ ਵਿਦਵਾਨ ਡਾ. ਪਰਮਜੀਤ ਕੌਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਵਸਦੇ ਸਿੱਖ ਭਾਈਚਾਰੇ ਵਿਚਲੀ ਨਿਮਰਤਾ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਆਪਸ ਵਿਚ ਜੁੜ ਕੇ ਰਹਿਣ ਦੀ ਕਾਮਨਾ ਕੀਤੀ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਇਸ ਮੌਕੇ ਦੋਹਾਂ ਵਿਦਵਾਨਾਂ ਦਾ ਸਨਮਾਨ ਕੀਤਾ ਗਿਆ। ਸੁਸਾਇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਅਤੇ ਨਾਮਵਰ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਦੋਹਾਂ ਵਿਦਵਾਨਾਂ ਸ਼ਖ਼ਸੀਅਤਾਂ ਬਾਰੇ ਸੰਖੇਪ ਜਾਣ ਪਛਾਣ ਕਰਵਾਈ।

# ਅਸ਼ੋਕ ਬਾਂਸਲ ਮਾਨਸਾ ਦੀ ਕਿਤਾਬ 'ਮਿੱਟੀ ਨੂੰ ਫਰੋਲ ਜੋਗੀਆ' ਪੰਜਾਬੀ ਸਾਹਿਤ ਸਭਾ ਮੁਢਲੀ ਐਬਟਸਫੋਰਡ ਵੱਲੋਂ ਵਿਰਾਸਤੀ ਗੁਰਦੁਆਰਾ ਸਾਹਿਬ ਵਿਖੇ ਰਿਲੀਜ਼

ਐਬਟਸਫੋਰਡ : 'ਮਿੱਟੀ ਨੂੰ ਫਰੋਲ ਜੋਗੀਆ' ਅਸ਼ੋਕ ਬਾਂਸਲ ਮਾਨਸਾ ਦੀ ਉਨ੍ਹਾਂ ਵੀਹ ਪੁਰਾਣੇ ਗੀਤਕਾਰਾਂ ਬਾਰੇ ਲਿਖੀ ਖੋਜ ਪੁਸਤਕ ਹੈ, ਜਿਨ੍ਹਾਂ ਨੇ ਲੋਕ ਗੀਤਾਂ ਦੇ ਪੱਧਰ 'ਤੇ ਜਾ ਕੇ ਗੀਤਾਂ ਦੀ ਸਿਰਜਣਾ ਕੀਤੀ। ਖ਼ੁਸ਼ੀ ਵਾਲੀ ਗੱਲ ਹੈ ਕਿ ਅਸ਼ੋਕ ਬਾਂਸਲ ਅੱਜ ਕੱਲ ਕੈਨੇਡਾ ਹਨ ਅਤੇ 30 ਸਤੰਬਰ ਦਿਨ ਸ਼ਨੀਚਰਵਾਰ ਨੂੰ, ਉਹਨਾਂ ਦੀ ਇਹ ਕਿਤਾਬ ਵਿਰਾਸਤੀ ਗੁਰਦੁਆਰਾ ਸਾਹਿਬ ਵਿਖੇ, ਪੰਜਾਬੀ ਸਾਹਿਤ ਸਭਾ ਮੁਢਲੀ, ਜੀਵੇ ਪੰਜਾਬ ਅਦਬੀ ਸੰਗਤ, ਵਿਰਾਸਤ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ, ਗੁਰਦਾਸ ਰਾਮ ਆਲਮ ਪੰਜਾਬੀ ਸਾਹਿਤ ਸਭਾ ਸਰੀ ਕੈਨੇਡਾ, ਪੰਜ-ਆਬ ਕਲਚਰਲ ਐਸੋਸੀਏਸ਼ਨ, ਲੋਕ ਲਿਖਾਰੀ ਸਹਿਤ ਸਭਾ ਉੱਤਰੀ ਅਮਰੀਕਾ, ਵਿਰਾਸਤ ਫਾਊਂਡੇਸ਼ਨ ਸਮੇਤ ਵੱਖ-ਵੱਖ ਸਾਹਿਤਕ ਸੰਸਥਾਵਾਂ ਵੱਲੋਂ ਰਿਲੀਜ਼ ਕੀਤੀ ਗਈ। ਇਸ ਦੇ ਨਾਲ ਹੀ ਇਹਨਾਂ ਸੰਸਥਾਵਾਂ ਵੱਲੋਂ ਕੈਨੇਡਾ ਦੀ ਪਾਰਲੀਮੈਂਟ ਵਿੱਚ ਪੰਜਾਬੀ ਜ਼ੁਬਾਨ 'ਚ ਭਾਸ਼ਣ ਦੇਣ ਵਾਲੇ, ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਦਾ ਪੰਜਾਬੀ ਦੇ ਸਤਿਕਾਰ ਲਈ, ਸਾਂਝਾ ਮਤਾ ਪਾਸ ਕਰਕੇ ਧੰਨਵਾਦ ਕੀਤਾ ਗਿਆ। ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਪ੍ਰਧਾਨ ਮਨਿੰਦਰ ਸਿੰਘ ਗਿੱਲ, ਪੰਜਾਬੀ ਸਾਹਿਤ ਸਭਾ ਮੁਢਲੀ ਦੇ ਕੋਆਰਡੀਨੇਟਰ ਡਾ. ਗੁਰਵਿੰਦਰ ਸਿੰਘ, ਸਾਹਿਤ ਪ੍ਰੇਮੀ ਦਰਸ਼ਨ ਸ਼ਾਸੀ, ਪੰਜ ਆਬ




ਕਲਚਰਲ ਐਸੋਸੀਏਸ਼ਨ ਮਿਸ਼ਨ ਦੇ ਪ੍ਰਤਿਨਿਧ ਸਤਨਾਮ ਸਿੰਘ ਸੱਤੀ ਗਰੇਵਾਲ, ਵਿਰਾਸਤ ਫਾਊਂਡੇਸ਼ਨ ਅਤੇ ਜੀਵੇ ਪੰਜਾਬ ਅੱਜਬੀ ਸੰਗਤ ਦੇ ਮੁਖੀ ਭੁਪਿੰਦਰ ਸਿੰਘ ਮੱਲੀ, ਗੁਰਦਾਸ ਰਾਮ ਆਲਮ ਪੰਜਾਬੀ ਸਾਹਿਤ ਸਭਾ ਸਰੀ ਦੀ ਸੰਸਥਾਪਕ ਪ੍ਰਿੰਸੀਪਲ ਮਲੂਕ ਚੰਦ ਕਲੇਰ, ਪ੍ਰੋਫੈਸਰ ਗੋਪਾਲ ਸਿੰਘ ਬੁੱਟਰ, ਪੰਜਾਬ ਤੋਂ ਆਈਆਂ ਬੀਬੀ ਗੁਰਦੇਵ ਕੌਰ, ਮਨਪ੍ਰੀਤ ਕੌਰ ਜਵੰਦਾ ਤੋਂ ਇਲਾਵਾ ਜਸਕਰਨ ਸਿੰਘ ਧਾਲੀਵਾਲ, ਸੁਰਜੀਤ ਸਿੰਘ ਸਹੋਤਾ, ਮੁਲਕ ਰਾਜ ਪ੍ਰੇਮੀ, ਦਿਲਬਾਗ ਸਿੰਘ ਅਖਾੜਾ ਸਮੇਤ ਵੱਖ-ਵੱਖ ਸ਼ਖਸੀਅਤਾਂ ਨੇ ਅਸ਼ੋਕ ਬਾਂਸਲ ਮਾਨਸਾ ਦੀ ਕਿਤਾਬ ਅਤੇ ਕੈਨੇਡਾ ਦੇ ਮੂਲ ਵਾਸੀਆਂ ਦੇ ਦਿਹਾੜੇ ਬਾਰੇ ਵਿਚਾਰ ਸਾਂਝੇ ਕੀਤੇ । ਕਿਤਾਬ ਰਿਲੀਜ਼ ਸਮਾਗਮ ਮੌਕੇ ਅਸ਼ੋਕ ਬਾਂਸਲ ਸਾਹਿਬ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਆਪਣੀ ਲਿਖਤ ਬਾਰੇ ਵਿਚਾਰ ਚਰਚਾ ਕੀਤੀ ਅਤੇ ਕਿਹਾ ਕਿ ਭੁੱਲੇ ਵਿਸਰੇ ਮਹਾਨ ਗੀਤਕਾਰਾਂ ਬਾਰੇ ਲਿਖਦਿਆਂ ਉਹਨਾਂ ਆਪਣੇ ਜਜ਼ਬਾਤ ਕਿਤਾਬ ਦੇ ਰੂਪ ਵਿੱਚ ਸਾਂਝੇ ਕੀਤੇ ਹਨ। ਇਸ ਮੌਕੇ ਤੇ ਪੰਜਾਬੀ ਲਿਖਾਰੀ ਗੁਰਦੇਵ ਸਿੰਘ ਬਰਾੜ ਆਲਮ ਵਾਲਾ ਨੇ ਆਪਣੀ ਕਿਤਾਬ ਕੈਨੇਡੀਅਨ ਭੱਈਆਣੀ ਅਸ਼ੋਕ ਬਾਂਸਲ ਮਾਨਸਾ ਅਤੇ ਪੰਜਾਬੀ ਸਾਹਿਤ ਸਭਾ ਮੁਢਲੀ ਨੂੰ ਭੇਟ ਕੀਤੀ। ਪ੍ਰੋਗਰਾਮ ਦਾ ਸੰਚਾਰਨ ਗੁਰਪ੍ਰੀਤ ਸਿੰਘ ਚਾਹਲ ਨੇ ਕੀਤਾ ਤੇ ਦੇਸ਼ ਪ੍ਰਦੇਸ਼ ਟਾਈਮ ਦੇ ਸੁਖਵਿੰਦਰ ਸਿੰਘ ਚੋਹਲਾ ਪੰਜਾਬੀ ਚੈਨਲ ਦੇ ਗੁਰਵਿੰਦਰ ਸਿੰਘ ਸਿੱਧੂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਵਾਈ। ਵਿਰਾਸਤ ਗੁਰਦੁਆਰਾ ਸਾਹਿਬ ਵਿਖੇ ਇਹ ਕਿਤਾਬ ਰਿਲੀਜ਼ ਸਮਾਰੋਹ ਯਾਦਗਾਰੀ ਹੋ ਨਿਬੜਿਆ




MJM
FURNITURE
Long Weekend
Special Sale
up to 70% OFF
This weekend only
Lots of Design
Best Quality
Best Price
Expressing Your Interior World
Finance Available
O.A.C
Quality Furniture for Your Home.
Come visit our showroom. Over 34,000 sq ft
of quality Fine Furniture
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191



# ਪੰਜਾਬੀ ਕਵਿੱਤਰੀ ਬਿੰਦੂ ਮਠਾੜੂ ਦੀ ਪੁਸਤਕ 'ਹਰ਼ਫ ਇਲਾਹੀ' ਦਾ ਰਿਲੀਜ਼ ਸਮਾਗਮ

ਸਰੀ (ਹਰਦਮ ਮਾਨ)-ਪੰਜਾਬੀ ਕਵਿੱਤਰੀ ਬਿੰਦੂ ਮਠਾੜੂ ਦੀ ਨਵ-ਪਕਾਸ਼ਿਤ ਪੁਸਤਕ 'ਹਰ਼ਫ ਇਲਾਹੀ' ਰਿਲੀਜ਼ ਕਰਨ ਲਈ ਸਰੀ ਦੇ ਪੰਜਾਬ ਬੈਂਕੁਇਟ ਹਾਲ ਵਿਚ 'ਸ਼ਾਮ-ਇ-ਗ਼ਜ਼ਲ' ਸਮਾਗਮ ਕਰਵਾਇਆ ਗਿਆ। ਪੁਸਤਕ ਲੋਕ ਅਰਪਣ ਕਰਨ ਦੀ ਰਸਮ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਨਦੀਮ ਪਰਮਾਰ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਭੁਪਿੰਦਰ ਧਾਲੀਵਾਲ, ਸੁੱਖੀ ਬਾਠ, ਅਮਰੀਕ ਪਲਾਹੀ, ਹਰਜਿੰਦਰ ਮਠਾੜੂ, ਬਿੰਦੂ ਮਠਾੜੂ ਦੀ ਮਾਤਾ ਅਤੇ ਹੋਰ ਕਈ ਨਾਮਵਰ ਸ਼ਖ਼ਸੀਅਤਾਂ ਨੇ ਅਦਾ ਕੀਤੀ। ਸਮਾਗਮ ਦੌਰਾਨ ਗ਼ਜ਼ਲ ਗਾਇਕ ਦਲਜੀਤ ਕੈਸ ਜਗਰਾਓਂ, ਸ਼ਸ਼ੀ ਲਤਾ ਵਿਰਕ, ਸੰਦੀਪ ਗਿੱਲ, ਜਗਪ੍ਰੀਤ ਬਾਜਵਾ, ਮੀਨੂੰ ਬਾਵਾ, ਸੈਮ ਸਿੱਧੂ, ਕੇ.ਸੀ. ਨਾਇਕ, ਗੋਗੀ ਬੈਂਸ ਅਤੇ ਰਾਣਾ ਗਿੱਲ ਨੇ ਬਿੰਦੂ ਮਠਾੜੂ ਅਤੇ ਹੋਰ ਸ਼ਾਇਰਾਂ ਦੀਆਂ ਗ਼ਜ਼ਲਾਂ ਦਾ ਗਾਇਨ ਕੀਤਾ। ਸਟੇਜ ਦਾ ਸੰਚਾਲਨ ਰਮਨ ਮਾਨ ਨੇ ਬਾਖ਼ੂਬੀ ਕੀਤਾ। ਸ਼ਹਿਰ ਦੀਆਂ ਬਹੁਤ ਸਾਰੀਆਂ ਸਾਹਿਤਕ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ 'ਸ਼ਾਮ-ਇ-ਗ਼ਜ਼ਲ' ਦਾ ਭਰਪੂਰ ਆਨੰਦ ਮਾਣਿਆ।

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS FREE LEGAL FEE & APPRAISAL
Superior Mortgage
Unit 244-8138-128 Street, Surrey
604 507 1000
Our Symbol of Care & Service





# 'ਪਾਕਿਸਤਾਨੀ ਮੀਡੀਆ 'ਤੇ ਕੰਟਰੋਲ ਚਾਹੁੰਦਾ ਹੈ ਚੀਨ'

## ਅਮਰੀਕਾ ਨੇ ਇਕ ਅਧਿਕਾਰਤ ਰਿਪੋਰਟ ਵਿੱਚ ਕੀਤਾ ਖ਼ੁਲਾਸਾ

ਵਾਸ਼ਿੰਗਟਨ-ਅਮਰੀਕਾ ਦੀ ਇਕ ਅਧਿਕਾਰਤ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੀਨ ਨੇ ਮੀਡੀਆ ਦੀਆਂ ਖ਼ਬਰਾਂ 'ਤੇ ਆਪਣੀ ਪਕੜ ਬਣਾਉਣ ਲਈ ਕੌਮਾਂਤਰੀ ਕਾਰਵਾਈਆਂ ਦਾ ਜਾਲ ਵਿਕਸਤ ਕੀਤਾ ਹੈ ਅਤੇ ਉਸ ਦੀ ਕੋਸ਼ਿਸ਼ ਪਾਕਿਸਤਾਨੀ ਮੀਡੀਆ 'ਤੇ ਕੰਟਰੋਲ ਹਾਸਲ ਕਰਨ ਦੀ ਹੈ। ਵਿਦੇਸ਼ ਵਿਭਾਗ ਨੇ ਪਿਛਲੇ ਹਫਤੇ ਇੱਥੇ ਜਾਰੀ ਇਕ ਰਿਪੋਰਟ ਵਿੱਚ ਕਿਹਾ ਕਿ ਸੂਚਨਾ ਦੇ ਖੇਤਰ ਵਿੱਚ ਰੂਸ ਦੇ ਨਾਲ ਮਿਲ ਕੇ ਕੰਮ ਕਰਨ ਤੋਂ ਇਲਾਵਾ ਚੀਨ ਨੇ ਪ੍ਰਤੀਕੂਲ ਬਿਆਨਾਂ ਦਾ ਮੁਕਾਬਲਾ ਕਰਨ ਵਾਸਤੇ ਹੋਰ ਨੇੜਲੇ ਸਾਂਝੇਦਾਰਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਪ੍ਰਮੁੱਖ ਸਾਂਝੇਦਾਰਾਂ 'ਚੋਂ ਪਾਕਿਸਤਾਨ ਵੀ ਇਕ ਹੈ। ਰਿਪੋਰਟ ਮੁਤਾਬਕ, "ਪਾਕਿਸਤਾਨ ਦੇ ਨਾਲ ਪੇਈਚਿੰਗ ਨੇ ਚੀਨ-ਪਾਕਿਸਤਾਨ ਆਰਥਿਕ ਕੌਰੀਡੋਰ (ਸੀਪੀਈਸੀ) ਮੀਡੀਆ ਫੋਰਮ ਸਣੇ 'ਮਾੜੇ ਪ੍ਰਚਾਰ ਨਾਲ ਨਿਪਟਣ' ਸਬੰਧੀ ਸਹਿਯੋਗ ਨੂੰ ਡੂੰਘਾ ਕਰਨ ਦੀ ਮੰਗ ਕੀਤੀ ਹੈ।"



ਰਿਪੋਰਟ ਮੁਤਾਬਕ, ਪੇਈਚਿੰਗ ਅਤੇ ਇਸਲਾਮਾਬਾਦ ਮੀਡੀਆ ਮੰਚ ਦਾ ਇਸਤੇਮਾਲ ਉਨ੍ਹਾਂ ਚੀਜ਼ਾਂ ਦੇ ਹੱਲ ਲਈ ਕਰਦੇ ਹਨ ਜਨ੍ਹਿਾਂ ਨੂੰ ਉਹ ਪ੍ਰਚਾਰ ਅਤੇ 'ਖਤਰਨਾਕ ਗਲਤ ਜਾਣਕਾਰੀ' ਵਜੋਂ ਦੇਖਦੇ ਹਨ ਅਤੇ ਉਨ੍ਹਾਂ ਨੇ 'ਸੀਪੀਈਸੀ ਰੈਪਿਡ ਰਿਸਪੌਂਸ ਇਨਫਰਮੇਸ਼ਨ ਨੈੱਟਵਰਕ' ਵਰਗੀ ਸ਼ੁਰੂਆਤ ਕੀਤੀ ਹੈ ਅਤੇ ਹਾਲ ਹੀ ਵਿੱਚ ਚੀਨ-ਪਾਕਿਸਤਾਨ ਮੀਡੀਆ ਕੌਰੀਡੋਰ (ਸੀਪੀਐੱਮਸੀ) ਸ਼ੁਰੂ ਕਰਨ ਦਾ ਵਾਅਦਾ ਕੀਤਾ ਹੈ। ਵਿਦੇਸ਼ ਮੰਤਰਾਲੇ ਦੀ 2021 ਦੀ ਰਿਪੋਰਟ ਮੁਤਾਬਕ, ਚੀਨ ਨੇ ਚੀਨ-ਪਾਕਿਸਤਾਨ ਮੀਡੀਆ ਕੌਰੀਡੋਰ ਦੇ ਹਿੱਸੇ ਵਜੋਂ ਪਾਕਿਸਤਾਨੀ ਮੀਡੀਆ 'ਤੇ ਅਹਿਮ ਕੰਟਰੋਲ ਹਾਸਲ ਕਰਨ ਲਈ ਗੱਲਬਾਤ ਕਰਨ ਦੀ ਮੰਗ ਕੀਤੀ ਹੈ, ਜਿਸ ਵਿੱਚ ਪਾਕਿਸਤਾਨ ਦੇ ਸੂਚਨਾ ਮਾਹੌਲ ਦੀ ਨਿਗਰਾਨੀ ਅਤੇ ਇਸ ਨੂੰ ਆਕਾਰ ਦੇਣ ਵਾਸਤੇ ਸਾਂਝੇ ਤੌਰ 'ਤੇ ਸੰਚਾਲਿਤ 'ਕੰਟਰੋਲ ਕੇਂਦਰ' ਦੀ ਸਥਾਪਨਾ ਵੀ ਸ਼ਾਮਲ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਜਿਹਾ ਲੱਗਦਾ ਹੈ ਕਿ ਪ੍ਰਸਤਾਵ ਦੇ ਦਾਇਰੇ 'ਤੇ ਇਸਲਾਮਾਬਾਦ ਨੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ ਹੈ ਅਤੇ ਤੱਥ ਇਹ ਹੈ ਕਿ ਇਸ ਵਿੱਚ ਜਨ੍ਹਿਾਂ ਤੰਤਰਾਂ ਦਾ ਵੇਰਵਾ ਦਿੱਤਾ ਗਿਆ ਹੈ, ਉਹ ਪੇਈਚਿੰਗ ਨੂੰ ਅਸਪੱਸ਼ਟ ਲਾਭ ਪਹੁੰਚਾਉਂਦੇ ਹਨ। ਇਹ ਇਕ ਕਰੀਬੀ ਸਾਂਝੇਦਾਰੀ ਦੇ ਘਰੇਲੂ ਸੂਚਨਾ ਮਾਹੌਲ 'ਤੇ ਸਿੱਧਾ ਕੰਟਰੋਲ ਹਾਸਲ ਕਰਨ ਦੀ ਪੇਈਚਿੰਗ ਦੀ ਇੱਛਾ ਦਾ ਸਪੱਸ਼ਟ ਉਦਾਹਰਨ ਹੈ।

ROHITA PANNU LAW CORPORATION




BARRISTER & SOLICITOR
SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW
Ph: 604.589.1399
Fax : 604.589.1556
www.rohitapannulaw.com
# 102-9278, 120th St.,
Surrey, BC V3V 4W8



# ਲਕਵਾ ਜਾਂ ਅਧਰੰਗ (ਸਟ੍ਰੋਕ)

## ਸਟ੍ਰੋਕ ਕੀ ਹੈ ?

ਦਿਮਾਗ ਦੇ ਠੀਕ ਕੰਮ ਕਰਨ ਲਈ ਦਿਮਾਗ ਨੂੰ ਲਗਾਤਾਰ ਖ਼ੂਨ ਦੀ ਸਪਲਾਈ ਦੀ ਜ਼ਰੂਰਤ ਹੈ। ਖ਼ੂਨ ਦਿਮਾਗ ਦੇ ਹਰ ਇੱਕ ਹਿੱਸੇ ਵਿੱਚ ਜਾਂਦਾ ਹੈ। ਖ਼ੂਨ ਦੀ ਧਮਣੀ ਦੇ ਬੰਦ ਹੋਣ ਨਾਲ ਜਾਂ ਖ਼ੂਨ ਦੀ ਧਮਣੀ ਦੇ ਫਟਣ ਕਾਰਨ ਜੇਕਰ ਦਿਮਾਗ ਦੇ ਕੁਝ ਹਿੱਸੇ 'ਚ ਖ਼ੂਨ ਦੀ ਸਪਲਾਈ ਰੁਕਦੀ ਹੈ ਤਾਂ ਦਿਮਾਗ ਦਾ ਉਹ ਹਿੱਸਾ ਕੰਮ ਕਰਨਾ ਬੰਦ ਕਰ ਦਿੰਦਾ ਹੈ। ਇਸ ਨੂੰ ਸਟ੍ਰੋਕ (ਲਕਵਾ ਜਾਂ ਅਧਰੰਗ) ਹੋਣਾ ਕਹਿੰਦੇ ਹਨ।



## ਮਿੰਨੀ ਸਟ੍ਰੋਕ ਕੀ ਹੈ ?

ਮਿੰਨੀ ਸਟ੍ਰੋਕ, ਇੱਕ ਸਟ੍ਰੋਕ ਦੀ ਤਰ੍ਹਾਂ ਹੀ ਹੈ, ਪਰ ਇਹ ਕੁਝ ਘੰਟਿਆਂ ਦੇ ਅੰਦਰ ਅੰਦਰ ਪੂਰੀ ਤਰ੍ਹਾਂ ਠੀਕ ਹੋ ਜਾਂਦਾ ਹੈ। ਮਿੰਨੀ ਸਟ੍ਰੋਕ, ਹੋਣ ਵਾਲੇ ਸਟ੍ਰੋਕ ਦੀ ਚਿਤਾਵਨੀ ਹੈ, ਇਸ ਲਈ ਇਸ. ਨਜ਼ਰ-ਅੰਦਾਜ਼ ਨਾ ਕਰੋ।

## ਲੱਛਣ

1. ਸਰੀਰ ਦੇ ਇੱਕ ਹਿੱਸੇ ਵਿੱਚ ਅਚਾਨਕ ਕਮਜ਼ੋਰੀ ਆਉਣਾ।
2. ਬੋਲ ਨਾ ਸਕਣਾ।
3. ਧੁੰਦਲਾ ਦਿੱਸਣਾ।
4. ਖਾਣੇ ਨੂੰ ਗਲੇ ਤੋਂ ਅੰਦਰ ਲੰਘਾਉਣ ਵਿੱਚ ਮੁਸ਼ਕਲ ਆਉਣੀ।
5. ਚੱਕਰ ਆਉਣੇ।
6. ਅਚਾਨਕ ਡਿੱਗਣਾ।
7. ਅਚਾਨਕ ਅਤੇ ਬਹੁਤ ਜ਼ਿਆਦਾ ਸਿਰ ਦਰਦ।

## ਕਾਰਨ

1. ਹਾਈ ਬਲੱਡ ਪ੍ਰੈਸ਼ਰ।
2. ਸ਼ੂਗਰ ਰੋਗ।
3. ਕੋਲੈਸਟਰੋਲ (ਖ਼ੂਨ ਵਿੱਚ ਤੇਲ (ਚਰਬੀ) ਦੀ ਮਾਤਰਾ) ਦਾ ਵੱਧ ਹੋਣਾ।
4. ਦਿਲ ਦੀ ਧੜਕਣ ਦਾ ਇੱਕ ਸੁਰ ਵਿੱਚ ਨਾ ਹੋਣਾ (ਏਟ੍ਰੀਅਲ ਫ਼ਿਬ੍ਰੀਲੇਸ਼ਨ)।
5. ਸਿਗਰਟ ਅਤੇ ਸ਼ਰਾਬ ਪੀਣਾ। ਮੋਟਾਪਾ।
6. ਦਿਮਾਗ ਵਿੱਚ ਖ਼ੂਨ ਦੀਆਂ ਧਮਣੀਆਂ ਦਾ ਫੈਲਣਾ (ਐਨਿਯੁਰਿਜ਼ਮ)।

## ਰੋਕਥਾਮ/ਬਚਾਅ

1. ਸਿਹਤਮੰਦ ਆਦਤਾਂ ਅਪਣਾਓ, ਜਿਵੇਂ ਭਾਰ ਨੂੰ ਕਾਬੂ ਵਿੱਚ ਰੱਖਣਾ, ਸੰਤੁਲਿਤ ਖ਼ੁਰਾਕ, ਰੋਜ਼ਾਨਾ ਕਸਰਤ ਕਰਨਾ, ਸਿਗਰਟ ਤੇ ਸ਼ਰਾਬ ਛੱਡਣਾ।
2. ਸਟ੍ਰੈੱਸ ਮੈਨੇਜਮੈਂਟ : ਮਾਨਸਿਕ ਤਣਾਓ ਤੋਂ ਮੁਕਤੀ ਪਾਉਣ ਦੇ ਉੱਚਿਤ ਤਰੀਕੇ ਸਿੱਖੋ।
3. ਸ਼ੂਗਰ ਰੋਗ ਨੂੰ ਕਾਬੂ ਵਿੱਚ ਰੱਖੋ।
4. ਆਪਣੇ ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖੋ।
5. ਜੇਕਰ ਤੁਹਾਡੇ ਦਿਲ ਦੀ ਧੜਕਣ ਇੱਕ ਸੁਰ ਵਿੱਚ ਨਹੀਂ ਹੈ ਤਾਂ ਆਪਣੇ ਡਾਕਟਰ। ਦਿਖਾਓ (ਪੈਲਪੀਟੇਸ਼ਨ)।
6. ਆਪਣੇ ਕੋਲੈਸਟਰੋਲ ਦੀ ਮਾਤਰਾ ਨੂੰ ਜਾਂਚਦੇ ਰਹੋ।
7. ਸਟ੍ਰੋਕ ਤੋਂ ਬਚਣ ਲਈ ਰੋਜ਼ਾਨਾ ਐਸਪੀਰਿਨ ਦੀ ਦਵਾਈ ਲੈਣਾ ਮੱਦਦਗਾਰ ਹੈ। ਐਸਪੀਰਿਨ ਦੀ ਦਵਾਈ ਲੈ ਰਹੇ ਹੋ ਤਾਂ ਆਪਣੇ ਡਾਕਟਰ ਦੀ ਸਲਾਹ ਲਵੋ।

## ਡਾਕਟਰ ਨੂੰ ਕਦੋਂ ਦਿਖਾਈਏ

1. ਜੇਕਰ ਤੁਹਾਨੂੰ ਮਿੰਨੀ-ਸਟ੍ਰੋਕ ਦੇ ਲੱਛਣ ਹਨ, ਭਾਵੇਂ ਤੁਸੀਂ ਹੁਣ ਠੀਕ ਵੀ ਮਹਿਸੂਸ ਕਰ ਰਹੇ ਹੋ।
2. ਸਟ੍ਰੋਕ ਦੇ ਲੱਛਣ (ਅਚਾਨਕ ਇੱਕ ਪਾਸੇ ਕਮਜ਼ੋਰੀ ਮਹਿਸੂਸ ਹੋਣਾ, ਅਚਾਨਕ ਦਿੱਸਣਾ ਬੰਦ ਹੋਣਾ, ਬੋਲਣ ਵਿੱਚ ਮੁਸ਼ਕਲ ਆਉਣੀ)।
3. ਖ਼ੂਨ ਦੇ ਦਬਾਅ, ਸ਼ੂਗਰ ਰੋਗ ਜਾਂ ਵੱਧ ਕੋਲੈਸਟਰੋਲ ਦਾ ਕਾਬੂ ਵਿੱਚ ਨਾ ਹੋਣਾ।
4. ਸਰੀਰ ਦਾ ਸੰਤੁਲਨ ਵਿਗੜਨਾ ਜਾਂ ਅਚਾਨਕ ਡਿੱਗਣਾ।

## ਜਾਂਚ

1. ਦਿਮਾਗ ਦਾ ਸੀ.ਟੀ. ਸਕੈਨ ਜਾਂ ਐਮ.ਆਰ.ਆਈ.।



2. ਗਲੇ ਦੇ ਖ਼ੂਨ ਦੀਆਂ ਧਮਣੀਆਂ (ਕੈਰੋਟਿਡ ਆਰਟਰੀ) ਦਾ ਅਲਟ੍ਰਾਸਾਉਂਡ।
3. ਦਿਲ ਦਾ ਈ.ਕੇ.ਜੀ. (ਈ.ਸੀ.ਜੀ.)।
4. ਖ਼ੂਨ ਦੀ ਜਾਂਚ।

## ਇਲਾਜ

1. ਜੇਕਰ ਤੁਸ ਸਟ੍ਰੋਕ ਦੇ ਪਹਿਲੇ 4-6 ਘੰਟਿਆਂ ਵਿੱਚ ਹਸਪਤਾਲ ਪਹੁੰਚ ਜਾਂਦੇ ਹੋ ਤਾਂ ਡਾਕਟਰ ਤੁਹਾਡਾ ਇਲਾਜ ਇੱਕ ਦਵਾਈ ਨਾਲ ਕਰਨਗੇ, ਜਿਸਨੂੰ ਟੀ.ਪੀ.ਏ. ਕਹਿੰਦੇ ਹਨ।
2. ਸਟ੍ਰੋਕ ਵਿੱਚ ਐਸਪੀਰਿਨ ਦੀ ਦਵਾਈ ਬਹੁਤ ਮੱਦਦਗਾਰ ਹੁੰਦੀ ਹੈ।
3. ਸਟ੍ਰੋਕ ਤੋਂ ਬਾਅਦ ਲੋਕਾਂ ਨੂੰ ਸਹੀ ਹਾਲਤ ਵਿੱਚ ਆਉਣ (ਰੀਹੈਬੀਲੀਟੇਸ਼ਨ) ਦੀ ਜ਼ਰੂਰਤ ਹੁੰਦੀ ਹੈ। ਸਰੀਰਕ ਇਲਾਜ (ਫ਼ਿਜ਼ੀਕਲ ਇਲਾਜ), ਔਕੁਪੇਸ਼ਨਲ ਇਲਾਜ ਹਫਤਿਆਂ ਜਾਂ ਮਹੀਨਿਆਂ ਲਈ ਚੱਲਦਾ ਹੈ।

---

# ਚਮੜੀ ਨੂੰ ਮੁਲਾਇਮ ਬਣਾਉਂਦਾ ਹੈ ਪਪੀਤਾ



ਕਈ ਵਿਸ਼ੇਸ਼ ਗੁਣਾਂ ਨਾਲ ਭਰਪੂਰ ਹੋਣ ਕਾਰਨ ਪਪੀਤੇ ਨੂੰ ਫਰਿਸ਼ਤਿਆਂ ਦਾ ਖਾਣਾ ਵੀ ਕਿਹਾ ਜਾਂਦਾ ਹੈ। ਇਹ ਵਿਟਾਮਿਨ ਏ, ਬੀ, ਸੀ, ਪੋਟਾਸ਼ੀਅਮ , ਕਾਪਰ, ਮੈਗਨੀਸ਼ੀਅਮ ਨਾਲ ਭਰਪੂਰ ਐਂਟੀ ਆਕਸੀਡੈਂਟ ਹੁੰਦਾ ਹੈ। ਇਸ 'ਚ ਪਪੇਨ ਨਾਂ ਦਾ ਐਨਜ਼ਾਈਮ ਹੁੰਦਾ ਹੈ, ਜੋ ਚਮੜੀ ਦੇ ਮ੍ਰਿਤਕ ਸੈੱਲਾਂ ਨੂੰ ਮੁਲਾਇਮ ਤੇ ਹਟਾਉਣ 'ਚ ਮਦਦਗਾਰ ਸਾਬਤ ਹੁੰਦਾ ਹੈ। ਇਸ ਨਾਲ ਚਮੜੀ ਚਮਕੀਲੀ ਤੇ ਸਾਫ਼ ਬਣ ਜਾਂਦੀ ਹੈ। ਪਪੀਤੇ ਦੀ ਲਗਾਤਾਰ ਵਰਤੋਂ ਨਾਲ ਚਮੜੀ ਦੀ ਰੰਗਤ 'ਚ ਨਿਖਾਰ ਆਉਂਦਾ ਹੈ। ਪੱਕੇ ਪਪੀਤੇ ਦੇ ਗੁੱਦੇ ਨੂੰ ਚਿਹਰੇ 'ਤੇ ਲਾਇਆ ਜਾ ਸਕਦਾ ਹੈ। ਪਪੀਤੇ ਦੇ ਗੁੱਦੇ ਨੂੰ ਜੌਂ ਦੇ ਆਟੇ, ਦਹੀਂ ਤੇ ਸ਼ਹਿਦ ਮਿਲਾ ਕੇ ਫੇਸ ਮਾਸਕ ਤਿਆਰ ਕੀਤਾ ਜਾਂਦਾ ਹੈ। ਇਸ ਫੇਸ ਮਾਸਕ ਨੂੰ ਚਿਹਰੇ 'ਤੇ ਲਾਉਣ ਤੋਂ 20-30 ਮਿੰਟ ਬਾਅਦ ਚਿਹਰੇ ਨੂੰ ਤਾਜ਼ੇ ਪਾਣੀ ਨਾਲ ਧੋ ਦਿਓ। ਪਪੀਤੇ ਦੇ ਗੁੱਦੇ ਨੂੰ ਦਹੀਂ 'ਚ ਮਿਲਾ ਕੇ ਇਸ ਨੂੰ ਸਰੀਰ 'ਤੇ ਵੀ ਲਾਇਆ ਜਾ ਸਕਦਾ ਹੈ। ਦੋ ਚਮਚ ਪਪੀਤੇ ਦੇ ਗੁੱਦੇ 'ਚ ਇਕ ਚਮਚ ਗਲਿਸਰੀਨ ਤੇ ਮਿਲਕ ਪਾਊਡਰ, ਦੋ ਚਮਚ ਅਨਾਨਾਸ ਜੂਸ ਮਿਲਾ ਕੇ ਪੈਕ ਬਣਾ ਲਓ। ਇਸ ਪੈਕ ਨੂੰ ਅੱਧੇ ਘੰਟੇ ਤਕ ਚਿਹਰੇ 'ਤੇ ਲਾ ਕੇ ਕੋਸੇ ਪਾਣੀ ਨਾਲ ਧੋ ਲਓ। ਇਹ ਚਿਹਰੇ ਦੀ ਰੰਗਤ 'ਚ ਨਿਖਾਰ ਪੈਦਾ ਕਰੇਗਾ ਤੇ ਤੁਹਾਡੀ ਚਮੜੀ ਨੂੰ ਕੁਦਰਤੀ ਪੋਸ਼ਣ ਦਿੰਦਾ ਹੋਇਆ ਨਮੀ ਪ੍ਰਦਾਨ ਕਰਦਿਆਂ ਮ੍ਰਿਤਕ ਸੈੱਲਾਂ ਨੂੰ ਹਟਾਉਣ 'ਚ ਮਦਦ ਕਰੇਗਾ।





# ਸੰਤਰੇ ਨਾਲ ਜਵਾਨੀ ਰਹੇਗੀ ਬਰਕਰਾਰ

ਸੰਤਰੇ ਦਾ ਰਸ ਤੇ ਛਿਲਕਾ ਦੋਵੇਂ ਕਾਫ਼ੀ ਉਪਯੋਗੀ ਮੰਨੇ ਜਾਂਦੇ ਹਨ। ਦੋ ਸੰਤਰੇ ਦੇ ਛਿਲਕੇ, ਇਕ ਚਮਚ ਦੁੱਧ ਤੇ ਭੁੰਨੀ ਹੋਈ ਮਸਰ ਦੀ ਦਾਲ ਨੂੰ ਮਿਲਾ ਕੇ ਵੱਡੇ ਪੇਸਟ ਨੂੰ ਚਿਹਰੇ ਤੇ ਖੁੱਲ੍ਹੀ ਚਮੜੀ 'ਤੇ ਹਫ਼ਤੇ 'ਚ ਦੋ ਵਾਰ ਲਾਉਣ ਨਾਲ ਚਿਹਰੇ ਦੀ ਰੰਗਤ 'ਚ ਨਿਖਾਰ ਆਉਂਦਾ ਹੈ। ਇਕ ਗਿਲਾਸ ਸੰਤਰੇ ਦੇ ਜੂਸ ਦੀ ਲਗਾਤਾਰ ਵਰਤੋਂ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ ਤੇ ਜਵਾਨੀ ਬਰਕਰਾਰ ਰਹਿੰਦੀ ਹੈ। ਸੰਤਰੇ ਦੇ ਛਿਲਕਿਆ 'ਚ ਸਿਟਰਿਕ ਐਸਿਡ ਹੁੰਦਾ ਹੈ, ਜੋ ਚਮੜੀ ਦੇ ਬੰਦ ਰੋਮਾਂ ਨੂੰ ਖੋਲ੍ਹ ਕੇ ਚਿਹਰੇ ਦੀ ਰੰਗਤ ਨੂੰ ਨਿਖਾਰਦਾ ਹੈ। ਸੰਤਰੇ ਦੇ ਰਸ ਨੂੰ ਸਿੱਧਾ ਵੀ ਚਿਹਰੇ 'ਤੇ ਲਾਇਆ ਜਾ ਸਕਦਾ ਹੈ।

## ਰਸੋਈ

### ਸਾਬੂਦਾਨੇ ਦੇ ਪਾਪੜ



**ਸਮੱਗਰੀ** : 500 ਗ੍ਰਾਮ ਸਾਬੂਦਾਨਾ, ਹਿੰਗ, ਜ਼ੀਰਾ, ਮਿਰਚ, ਨਮਕ ਸਵਾਦ ਅਨੁਸਾਰ।

**ਵਿਧੀ** : ਸਾਬੂਦਾਨੇ ਨੂੰ 4-5 ਘੰਟੇ ਭਿਉਂ ਕੇ ਰੱਖੋ। ਜਦੋਂ ਗਲ ਜਾਣ, ਉਦੋਂ ਗਰਮ ਉਬਲਦੇ ਪਾਣੀ ਵਿਚ ਪਾ ਕੇ ਗਾੜ੍ਹਾ ਹੋਣ ਤੱਕ ਉਬਾਲਦੇ ਰਹੋ। ਏਨਾ ਗਾੜ੍ਹਾ ਹੋ ਜਾਵੇ ਕਿ ਚਮਚ ਨਾਲ ਪਾ ਸਕੋ ਤਾਂ ਨਮਕ ਪਾ ਕੇ ਅੱਗ ਤੋਂ ਲਾਹ ਲਵੋ। ਪੋਲੀਥੀਨ 'ਤੇ ਵੱਡੀ ਚਮਚ ਨਾਲ ਪਾਉਂਦੇ ਜਾਓ, ਗੋਲ-ਗੋਲ ਕੁਰਕੁਰੇ ਪਾਪੜ ਤਿਆਰ ਹਨ।

### ਆਲੂਆਂ ਦੇ ਪਾਪੜ



**ਸਮੱਗਰੀ** : ਆਲੂ 500 ਗ੍ਰਾਮ, ਨਮਕ, ਲਾਲ ਮਿਰਚ, ਹਿੰਗ, ਜ਼ੀਰਾ ਸਵਾਦ ਅਨੁਸਾਰ।

**ਵਿਧੀ** : ਆਲੂਆਂ ਨੂੰ ਉਬਾਲ ਲਓ ਤੇ ਛਿਲ ਲਓ, ਫਿਰ ਫੇਂਹ ਲਓ। ਫੇਂਹੇ ਹੋਏ ਆਲੂਆਂ ਵਿਚ ਨਮਕ, ਹਿੰਗ, ਮਿਰਚ ਅਤੇ ਜ਼ੀਰਾ ਪਾ ਕੇ ਮਿਕਸ ਕਰ ਲਓ। ਹੁਣ ਪੀਠੀ ਦੇ ਗੋਲ-ਗੋਲ ਪੇੜਿਆਂ ਨੂੰ ਵੇਲ ਕੇ ਤੇਲ ਨਾਲ ਚੋਪੜ ਕੇ ਧੁੱਪ ਵਿਚ ਸੁੱਕਣ ਲਈ ਰੱਖ ਦਿਓ। ਮਜ਼ੇਦਾਰ ਪਾਪੜ ਤਿਆਰ ਹਨ।

### ਧੋਤੇ ਮਾਂਹ ਦੀ ਦਾਲ ਦੇ ਪਾਪੜ



**ਸਮੱਗਰੀ** : ਅੱਧਾ ਕਿੱਲੋ ਧੋਤੇ ਮਾਂਹ ਦੀ ਦਾਲ ਦਾ ਆਟਾ, ਪੀਸੀ ਕਾਲੀ ਮਿਰਚ-15 ਗ੍ਰਾਮ, ਬੇਕਿੰਗ ਸੋਢਾ-5 ਗ੍ਰਾਮ, ਹਿੰਗ, ਜ਼ੀਰਾ, ਚੁਟਕੀ ਭਰ ਅਜਵਾਇਨ, ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ, ਅੱਧੀ ਦਹੀਂ ਦੀ ਕੌਲੀ, ਨਮਕ ਸਵਾਦ ਅਨੁਸਾਰ।

**ਵਿਧੀ** : ਨਮਕ, ਬੇਕਿੰਗ ਸੋਢਾ, ਹਿੰਗ, ਕਾਲੀ ਮਿਰਚ ਆਦਿ ਨੂੰ ਪਾਣੀ ਵਿਚ ਘੋਲ ਲਓ, ਫਿਰ ਜ਼ੀਰਾ ਉਸ ਘੋਲ ਵਿਚ ਮਿਲਾ ਦਿਓ। ਫਿਰ ਉਸ ਦੇ ਪੇੜੇ ਬਣਾ ਕੇ ਪਾਪੜ ਵੇਲਣ ਵਾਲੇ ਵੇਲਣੇ ਨਾਲ ਵੇਲ ਲਓ। ਹੁਣ ਇਨ੍ਹਾਂ ਨੂੰ ਕੱਪੜੇ 'ਤੇ ਫੈਲਾ ਕੇ ਧੁੱਪ ਵਿਚ ਸੁਕਾਓ। ਲਓ, ਮਜ਼ੇਦਾਰ ਪਾਪੜ ਤਿਆਰ ਹਨ।

**ਉਪਰੋਕਤ** ਸਾਰੇ ਪਾਪੜਾਂ ਨੂੰ ਧੁੱਪ ਵਿਚ ਸੁਕਾਉਣ ਤੋਂ ਬਾਅਦ ਥੈਲੀਆਂ ਵਿਚ ਪੈਕ ਕਰ ਕੇ ਰੱਖ ਲਓ।


ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

2393 ਪੜ੍ਹਾਈ ਕਾਲਜ ਦੀ ਕੀਤੀ ਮਨ ਲਾ ਕੇ, ਨਾਲ ਸ਼ੌਕ ਦੇ ਗੇਮਾਂ ਵੀ ਖੇਲ੍ਹੀਆਂ ਨੇ।
ਤਰੇਹਟ-ਚੌਂਹਟ ਕਾਲਜ ਦੀ ਟੀਮ ਹਾਕੀ, ਕੈਪਟਨ ਬਣਾਇਆ ਸਾਨੂੰ ਬੇਲੀਆਂ ਨੇ।
ਐਨ. ਸੀ. ਸੀ. ਵਿੱਚ ਵੀ ਰੈਂਕ ਪਾਏ, ਪਿਆਰ ਦਿੱਤਾ ਮਿਤਰਾਂ ਮੇਲੀਆਂ ਨੇ।
ਹਰਚੰਦ ਸਿੰਘਾ ਲਿਖਣਾ ਸ਼ੁਰੂ ਕੀਤਾ, ਕਵਿਤਾ-ਕਹਾਣੀਆਂ ਹੋਈਆਂ ਸਹੇਲੀਆ ਨੇ॥

2394 ਆਈ. ਟੀ. ਆਈ. ਬੁਢਲਾਡੇ ਜੋ ਐਨ ਕੀਤੀ, ਹੁਨਰ ਸਿਖਿਆ ਜੀ ਲਗਾ ਕੇ ਜੀ।
ਸੇਵਾ ਸਰਕਾਰੀ ਸਾਡੇ ਸਾਥ ਹੋਈ, ਬੈਠੇ 'ਬੱਧਨੀ ਵੱਡੀ' ਸੀ ਜਾ ਕੇ ਜੀ।
ਸਾਲ ਸੱਤਰੇ ਘਰਦਿਆਂ ਜ਼ੋਰ ਪਾਇਆ ਪਰਮਿੰਦਰ ਲਿਆਂਦੀ ਅਸਾਂ ਵਿਆਹ ਕੇ ਜੀ।
ਹਰਚੰਦ ਸਿੰਘਾ ਕਹੱਤਰੇ ਚੜ੍ਹ ਜੰਬੋ, ਵੈਨਕੂਵਰ (ਕੈਨੇਡਾ) ਪਹੁੰਚੇ ਪੰਧ ਮੁਕਾ ਕੇ ਜੀ॥

2395 ਮਸੀਨਿਸਟ ਦਾ ਕਿੱਤਾ ਕੰਮ ਆਇਆ, ਕੰਮ ਕਰਕੇ ਪੈਸਾ ਜੋੜਿਆ ਜੀ।
ਵੀਰਾਂ ਸਾਡੇ ਤੇ ਜੋ ਸੀ ਖਰਚ ਕੀਤਾ, ਖ਼ੁਸ ਹੋ ਕੇ ਉਨ੍ਹਾਂ ਦਾ ਮੋੜਿਆ ਜੀ।
ਬੱਚੇ ਪਾਲੇ, ਪੜਾਏ ਤੇ ਵੱਲ ਕੀਤੇ, ਦਿਲ ਕਿਸੇ ਦਾ ਮੂਲ ਨਾ ਤੋੜਿਆ ਜੀ।
ਹਰਚੰਦ ਸਿੰਘਾ ਮਿੱਠੀ ਜੁਬਾਨ ਰੱਖੀ, ਭਲਾ ਸਭ ਦਾ ਅਸਾਂ ਤੇ ਲੋੜਿਆ ਜੀ॥

2396 ਮਾਂ-ਬਾਪ ਦੀ ਹੋਈ ਨਾ ਘਾਟ ਪੂਰੀ, ਬਾਕੀ ਘਾਟਾਂ ਪੂਰੀਆਂ ਕਰ ਲਈਆਂ।
ਦੋ ਦੋ ਥਾਈਂ ਕਰਕੇ ਕੰਮ ਅਸਾਂ, ਸਭ ਮੌਜਾਂ ਘਰੇ ਨੇ ਧਰ ਲਈਆਂ।
ਬਿਨਾਂ ਮੰਗਿਆਂ ਰੱਬ ਨੇ ਆਪ ਦਿੱਤਾ, ਲੈ ਲੈ ਕੇ ਝੋਲੀਆਂ ਭਰ ਲਈਆਂ।
ਹਰਚੰਦ ਸਿੰਘਾ ਗਏ ਨਾ ਮੁੜਨ ਮਾਪੇ, ਜੇਰੇ ਨਾਲ ਜੁਦਾਈਆਂ ਜਰ ਲਈਆਂ॥

2397 ਛੋਟੀ ਉਮਰੇ ਚੀਸ ਜੋ ਮਨ ਬੈਠੀ, ਸਫਰ ਉਸਨੇ ਸਾਡੇ ਨਾਲ ਕੀਤਾ।
ਲਿਖਣ-ਬੋਲਨ ਦੀ ਉਸ ਨੇ ਸੂਝ ਦਿੱਤੀ, ਹਿਮਤ ਦੇ ਕੇ ਮਾਲਾ ਮਾਲ ਕੀਤਾ।
ਲੰਘੇ ਮਿੱਧ ਕੇ ਆਈਆਂ ਮੁਸਕਲਾਂ ਨੂੰ, ਹੱਲ ਉਸਨੇ ਹਰ ਸਵਾਲ ਕੀਤਾ।
ਹਰਚੰਦ ਸਿੰਘਾ ਸ਼ੁਕਰੀਆ ਸਾਰਿਆਂ ਦਾ, ਜੀਵਨ ਸਾਡਾ ਜਿਨ੍ਹਾਂ ਨਿਹਾਲ ਕੀਤਾ॥

2398 ਦੇਸ਼ ਵਾਸੀਓ ਪਰਨਾਮ ਸ਼ਹੀਦਾਂ ਨੂੰ, ਸਾਡਾ ਲਿਖਿਆ ਤੁਸੀਂ ਪਰਵਾਨ ਕਰਨਾ
ਜੋ ਕਲਮ-ਕਟਾਰੀਆਂ ਵਾਹ ਗਏ, ਉਨ੍ਹਾਂ ਜਿੰਦਾਂ ਦਾ ਰੱਜ ਕੇ ਮਾਨ ਕਰਨਾ।
ਬਹੁ ਮੁਸ਼ਕਲਾਂ ਅਜੇ ਵੀ ਗਿਰਦ ਸਾਡੇ, ਇਨ੍ਹਾਂ ਵੱਲ ਵੀ ਤੁਸੀਂ ਧਿਆਨ ਕਰਨਾ।
ਹਰਚੰਦ ਸਿੰਘਾਂ ਜੁਬਾਨ ਹੈ ਮਾਂ ਦੂਜੀ, ਮਾਂ ਵਾਗ ਹੀ ਇਧਾ ਸਨਮਾਨ ਕਰਨਾ॥

## ਲਿਖਦੇ ਲਿਖਦੇ ਲਿਖਾਰੀ ਤੇ ਜਹਿਮਤ ਆਉਣੀ

2399 ਕਲਮ ਆਪਣੀ ਵਿਚੇ ਹੀ ਰੱਖ ਦਿੱਤੀ, ਬੰਦ ਹੋਇਆ ਪੀਣਾ ਤੇ ਖਾਵਣਾ ਏ।
ਵਿਚ ਪੇਟ ਦੇ ਕੈਂਸਰ ਰੋਗ ਵੜਿਆ, ਸਵੱਖਤੇ ਹਸਪਤਾਲ ਮੈਂ ਜਾਵਣਾ ਏ।
ਮੇਰੀ ਪਤਨੀ ਪਰਮਿੰਦਰ ਨੇ ਨਾਲ ਜਾ ਕੇ, ਜਾ ਬਰਨਵੀ ਦਾਖਲ ਕਰਾਵਨਾ ਏ।
ਹਰ ਚੰਦ ਸਿੰਘਾ ਡਾ: ਵਾਰਨਰ ਨੇ, ਕੌਤਕ ਆਪਣਾ ਕਰ ਵਖਾਵਣਾ ਏ॥

2400 ਵੀਹ ਸੌ ਨੌ ਦਾ ਅਕਤੂਬਰ ਦੋ ਆਇਆ, ਲਿਆ ਜਾ ਕੇ ਮੰਜਾ ਮੱਲ ਭਾਈ।
ਸੂਈਆਂ ਲਾ ਕੇ ਟੇਪਾਂ ਜੜੀਆ ਨੇ, ਗੁਲੂਕੋਸ ਪਿਆ ਸੀ ਚੱਲ ਭਾਈ।
ਫਿਰ ਮੈਨੂੰ ਸ਼ਿੰਗਾਰ ਕੇ ਲੈ ਚੱਲੀ, ਨਰਸ, ਅਪਰੇਸਨ ਰੂਮ ਦੇ ਵੱਲ ਭਾਈ।
ਹਰਚੰਦ ਸਿੰਘਾ ਪਤਾ ਨਹੀਂ ਕੀ ਕਰਿਆ, ਅੱਖਾਂ ਮੀਚੀਆਂ ਲੱਗੀ ਨਾ ਪਲ ਭਾਈ॥

2401 ਚਾਰ ਘੰਟੇ ਮਗਰੋਂ ਸੁਰਤ ਆਈ, ਨਰਸ ਪੁੱਛਿਆ ਹੱਸ ਕੇ ਹਾਲ ਹੈ ਸੀ।
ਹੱਸ ਹੱਸ ਕੇ ਵਾਰੇ ਜਾਂਵਦੀ ਸੀ, ਚਿੱਤ ਕੀਤਾ ਮੇਰਾ ਨਿਹਾਲ ਹੈ ਸੀ।
ਨਜ਼ਰ ਉਸਦੀ ਵੱਲ ਮਸੀਨਾਂ ਦੇ, ਗੱਲਾਂ ਕਰਦੀ ਮੇਰੇ ਨਾਲ ਹੈ ਸੀ।
ਨਹੀਓਂ ਭੁੱਲਣੀ ਉਹ ਹਰਚੰਦ ਸਿੰਘਾ, ਕੀਤੀ ਉਸਨੇ ਜੋ ਸੰਭਾਲ ਹੈ ਸੀ॥

2402 ਪਰੌਸਟੇਟ (ਅੰਗ ਦਾ ਨਾਮ) ਵਿਚ ਕੈਂਸਰ ਦਾ ਸੱਪ ਜਹਿਰੀ, ਬੈਠ ਗਿਆ ਸੀ ਵਰਮੀ ਪਾ ਕੇ ਜੀ।
ਧੰਨ ਮਸੀਨਾਂ ਅਤੇ ਇਨਸਾਨ ਖੋਜੀ, ਜਿਨ੍ਹਾਂ ਵੇਖਿਆ ਪੇਟ ਵਿਚ ਜਾ ਕੇ ਜੀ।
ਸਣੇ ਵਰਮੀ ਬਾਹਰ ਉਹ ਲੈ ਆਏਂ, ਕਮਾਲ ਆਪਣੇ ਉਹ ਵਿਖਾ ਕੇ ਜੀ।
ਦੂਜਾ ਰੱਬ ਨੇ ਡਾਕਟਰ ਹਰਚੰਦ ਸਿੰਘਾ, ਤੋਰਨ ਘਰਾਂ ਨੂੰ ਜਹਿਮਤਾ ਲਾਹ ਕੇ ਜੀ॥

2403 ਪੰਜਵੇਂ ਦਿਨ ਸੀ ਘਰ ਨੂੰ ਤੋਰ ਦਿੱਤਾ, ਆਈਆਂ ਘਰ ਨੂੰ ਮੇਰੇ ਨਾਲ ਪੀੜਾਂ।
ਜਸ ਗੁਰਾਂ ਦਾ ਲਿਖਦੇ ਲਿਖਦੇ ਨੂੰ, ਮੈਨੂੰ ਲਿਆ ਸੀ ਆਣ ਕੇ ਭਾਲ ਪੀੜਾਂ।
ਸਾਨੂੰ ਤੇ ਉਕਾ ਹੀ ਯਾਦ ਨਹੀਉਂ, ਕਦ ਲਈਆਂ ਅਸਾਂ ਨੇ ਪਾਲ ਪੀੜਾਂ।
ਹਰਚੰਦ ਸਿੰਘਾ ਯਤਨ ਤਾਂ ਬੜੇ ਕੀਤੇ, ਪਰ ਕੀਤਾ ਮੰਦੜਾ ਹਾਲ ਪੀੜਾਂ॥

2404 ਘਰ ਆਣ ਕੇ ਸੋਫੇ ਕੁਰਸੀਆਂ ਤੇ, ਲੇਫਾਂ ਗੱਦੀਆਂ ਆਸਣ ਲਾ ਦਿੱਤੇ।
ਦੇਹ ਸਹਾਰਾ ਮੇਰੀ ਪਤਨੀ ਨੇ, ਪੀੜਾਂ ਮਾਰੇ ਪਤੀ ਜੀ ਪਾ ਦਿੱਤੇ।
ਚੌਵੀ ਘੰਟੇ ਦੀ ਬਣੀ ਨਰਸ ਮੇਰੀ, ਸੁੱਖ ਆਪਣੇ ਉਸ ਭੁਲਾ ਦਿੱਤੇ।
ਹਰਚੰਦ ਸਿੰਘਾ ਮੇਹਰ ਦੀ ਮੂਰਤੀ ਨੇ, ਫ਼ਰਜ ਆਪਣੇ ਹੱਸ ਨਿਭ੍ਹਾ ਦਿੱਤੇ॥

*(ਸਮਾਪਤ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri
604-377-4085



Amarjit Singh
778-908-0523



Hardam S. Maan
604-308-6663



Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਸਪੈਸ਼ਲ ਸੈਲ !
www.dream-carpets.com
dream carpets
Shaw FLOORS
Anso nylon
STAINMASTER CARPET
ClearTouch
from $1 98 SF
Berber Installed
Textured Saxony Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

****************

**ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਸਰਕਾਰੀ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405**

****************

**27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.**

## MATRIMONIALS

**ਲੜਕੇ ਦੀ ਲੋੜ**

**20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੍ਹਇਚਣਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ-ਵਟਸਐਪ ਅਤੇ ਕਾਲ : 778-801-9037 talwanid@hotmial.ca**

****************

**34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.**

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈਂਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ-

604-319-0662, Email: dharam.sidhu@yahoo.com

****************

**ਲੜਕੀ ਦੀ ਲੋੜ**

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

**ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫੂ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135**

****************

**ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121**

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

**ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।**

**ਅੱਜ ਹੀ ਸੰਪਰਕ** 604-307-7008

### ਇੰਸ਼ੋਰੈਂਸ ਸੇਵਾਵਾਂ

**ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085**

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

**ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।**

**ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314**

### ਵਰ ਦੀ ਲੋੜ

**ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088**

### ਕੰਨਿਆਂ ਦੀ ਲੋੜ

**ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 -604-615-8088**

### ਵਰ ਦੀ ਲੋੜ

**ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।**

**ਸੰਪਰਕ: 236-591-2719 (Whats app)**

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

**500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389**

# ਅਹਿੰਸਾ, ਤਿਆਗ ਤੇ ਕਰੁਣਾ ਦੇ ਪ੍ਰੇਰਕ ਮਹਾਰਾਜਾ ਅਗਰਸੇਨ



ਮਹਾਰਾਜਾ ਅਗਰਸੇਨ ਤਿਆਗ, ਅਹਿੰਸਾ ਤੇ ਸ਼ਾਂਤੀ ਦੇ ਪ੍ਰਤੀਕ ਸਨ। ਉਨ੍ਹਾਂ ਦਾ ਜਨਮ ਪ੍ਰਤਾਪਨਗਰ ਦੇ ਰਾਜਾ ਵੱਲਭ ਦੇ ਘਰ ਹੋਇਆ। ਮਹਾਂਲਕਸ਼ਮੀ ਵਰਤ ਅਨੁਸਾਰ, ਉਸ ਸਮੇਂ ਦੁਆਪਰ ਯੁੱਗ ਦਾ ਅੰਤਿਮ ਚਰਨ ਸੀ। ਵਰਤਮਾਨ ਕੈਲੰਡਰ ਅਨੁਸਾਰ ਮਹਾਰਾਜਾ ਅਗਰਸੇਨ ਦਾ ਜਨਮ 5185 ਸਾਲ ਪਹਿਲਾਂ ਹੋਇਆ। ਉਨ੍ਹਾਂ ਨੇ ਬਚਪਨ ਵਿੱਚ ਵੇਦਾਂ, ਸ਼ਾਸਤਰਾਂ, ਅਸਤਰਾਂ-ਸ਼ਸਤਰਾਂ, ਰਾਜਨੀਤੀ ਤੇ ਅਰਥਨੀਤੀ ਆਦਿ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਮਗਰੋਂ ਉਨ੍ਹਾਂ ਦਾ ਵਿਆਹ ਨਾਗਾਂ ਦੇ ਰਾਜਾ ਕੁਸੁਦ ਦੀ ਪੁੱਤਰੀ ਮਾਧਵੀ ਨਾਲ ਹੋਇਆ। ਰਾਜਾ ਵੱਲਭ ਨੇ ਸੰਨਿਆਸ ਲੈ ਕੇ ਅਗਰਸੇਨ ਨੂੰ ਰਾਜ ਭਾਗ ਸੌਂਪ ਦਿੱਤਾ। ਅਗਰਸੇਨ ਨੇ ਨਿਪੁੰਨਤਾ ਨਾਲ ਰਾਜ ਦਾ ਸੰਚਾਲਨ ਕੀਤਾ ਤੇ ਰਾਜ ਦਾ ਵਿਸਥਾਰ ਕਰਦਿਆਂ ਪਰਜਾ ਦੇ ਹਿੱਤਾਂ ਲਈ ਕੰਮ ਕੀਤਾ। ਉਹ ਧਾਰਮਿਕ ਪ੍ਰਵਿਰਤੀ ਦੇ ਮਾਲਕ ਸਨ। ਧਰਮ ਵਿੱਚ ਉਨ੍ਹਾਂ ਦੀ ਡੂੰਘੀ ਰੁਚੀ ਸੀ। ਉਹ ਰੱਬ ਦੀ ਸਾਧਨਾ ਵਿੱਚ ਵਿਸ਼ਵਾਸ ਰੱਖਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਈ ਵਾਰ ਦੇਵੀ ਲਕਸ਼ਮੀ ਤੋਂ ਇਹ ਵਰਦਾਨ ਹਾਸਲ ਕੀਤਾ ਕਿ ਜਦੋਂ ਤਕ ਉਨ੍ਹਾਂ ਦੇ ਕੁੱਲ ਵਿੱਚ ਲਕਸ਼ਮੀ ਦੇਵੀ ਦੀ ਆਰਾਧਨਾ ਹੁੰਦੀ ਰਹੇਗੀ, ਉਦੋਂ ਤਕ ਅਗਰਕੁਲ ਧਨ ਤੇ ਅਮੀਰੀ ਨਾਲ ਖ਼ੁਸ਼ਹਾਲ ਰਹੇਗਾ। ਦੇਵੀ ਲਕਸ਼ਮੀ ਦੇ ਆਸ਼ੀਰਵਾਦ ਨਾਲ ਰਾਜਾ ਅਗਰਸੇਨ ਨੇ ਨਵੇਂ ਰਾਜ ਲਈ ਰਾਣੀ ਮਾਧਵੀ ਨਾਲ ਭਾਰਤ ਯਾਤਰਾ ਸ਼ੁਰੂ ਕੀਤੀ। ਆਪਣੀ ਯਾਤਰਾ ਦੌਰਾਨ ਉਹ ਇੱਕ ਥਾਂ ਰੁਕੇ, ਜਿੱਥੇ ਉਨ੍ਹਾਂ ਨੇ ਵੇਖਿਆ ਕਿ ਸ਼ੇਰ ਤੇ ਭੇੜੀਏ ਦੇ ਬੱਚੇ ਖੇਡ ਰਹੇ ਸਨ। ਰਾਜਾ ਅਗਰਸੇਨ ਨੇ ਰਾਣੀ ਮਾਧਵੀ ਨੂੰ ਕਿਹਾ ਕਿ ਇਹ ਬਹੁਤ ਸ਼ੁੱਭ ਸੰਕੇਤ ਹੈ। ਇਹ ਖੇਤਰ ਸਚਮੁੱਚ ਹੀ ਵੀਰ ਭੂਮੀ ਹੈ। ਰਾਜਾ ਅਗਰਸੇਨ ਨੇ ਇਸ ਭੂਮੀ ਨੂੰ ਅਗਰੋਹਾ ਨਾਂ ਦਿੱਤਾ ਤੇ ਇੱਥੇ ਹੀ ਆਪਣਾ ਰਾਜ ਬਣਾਉਣ ਦਾ ਫ਼ੈਸਲਾ ਕੀਤਾ। ਮਗਰੋਂ ਅਗਰੋਹਾ ਖੇਤੀ ਤੇ ਵਪਾਰ ਪੱਖੋਂ ਪ੍ਰਸਿੱਧ ਸਥਾਨ ਬਣ ਗਿਆ। ਮਹਾਰਾਜਾ ਅਗਰਸੇਨ ਨੇ ਰਾਜ ਤੇ ਪ੍ਰਜਾ ਦੀ ਭਲਾਈ ਲਈ 18 ਹਵਨ ਕੀਤੇ ਤੇ ਉਨ੍ਹਾਂ ਦੇ ਅਠਾਰਾਂ ਪੁੱਤਰ ਪੈਦਾ ਹੋਏ। ਉਨ੍ਹਾਂ ਦੇ ਨਾਂ ਤੋਂ ਅਗਰਵਾਲ ਸਮਾਜ ਦੇ 18 ਗੋਤਰ ਬਣੇ। 17 ਯੱਗ ਵਿਧੀ-ਵਿਧਾਨ ਤੇ ਬਿਨਾਂ ਕਿਸੇ ਵਿਘਨ ਤੋਂ ਸੰਪੰਨ ਹੋਏ ਪਰ 18ਵੇਂ ਯੱਗ ਤੋਂ ਪਹਿਲਾਂ ਮਹਾਰਾਜਾ ਅਗਰਸੇਨ ਦੇ ਮਨ ਵਿੱਚ ਆਇਆ ਕਿ ਯੱਗ ਜਿਹੇ ਪਵਿੱਤਰ ਕਾਰਜ ਵਿੱਚ ਪਸ਼ੂ ਬਲੀ ਜਿਹਾ ਅਪਵਿੱਤਰ ਕੰਮ ਕਿਉਂ? ਉਨ੍ਹਾਂ ਨੇ ਘੋਸ਼ਣਾ ਕੀਤੀ ਕਿ ਭਵਿੱਖ ਵਿੱਚ ਯੱਗ ਤੇ ਪਵਿੱਤਰ ਕੰਮਾਂ ਵਿੱਚ ਪਸ਼ੂ ਬਲੀ ਦੇ ਸਥਾਨ 'ਤੇ ਨਾਰੀਅਲ ਭੰਨ ਕੇ ਪੂਰਨ ਆਹੂਤੀ ਦਿੱਤੀ ਜਾਵੇਗੀ। ਮਗਰੋਂ ਮਹਾਰਾਜਾ ਤੇ ਉਨ੍ਹਾਂ ਦੇ ਵੰਸ਼ਜਾਂ ਨੇ ਵੈਸ਼ ਸਮੁਦਾਇ ਨੂੰ ਸਵੀਕਾਰ ਕਰ ਲਿਆ। ਅਗਰਵਾਲ ਸਮਾਜ ਨੇ ਹਿੰਦੀ ਦੇ ਪ੍ਰਸਿੱਧ ਸਾਹਿਤਕਾਰ ਭਾਰਤੇਂਦੂ ਹਰੀਸ਼ ਚੰਦਰ, ਪੰਜਾਬ ਕੇਸਰੀ ਲਾਲਾ ਲਾਜਪਤ ਰਾਏ, ਸਰ ਗੰਗਾ ਰਾਮ, ਡਾ. ਭਗਵਾਨ ਦਾਸ, ਹਨੂੰਮਾਨ ਪ੍ਰਸਾਦ ਧੌਧਾਰ, ਡਾ. ਰਾਮ ਮਨੋਹਰ ਲੋਹੀਆ ਜਿਹੇ ਪ੍ਰਸਿੱਧ ਕ੍ਰਾਂਤੀਕਾਰੀ ਅਤੇ ਕਮਲਾਪਤੀ ਸਿੰਘਾਨੀਆਂ ਜਿਹੇ ਪ੍ਰਸਿੱਧ ਉਦਯੋਗਪਤੀ ਭਾਰਤੀ ਸਮਾਜ ਨੂੰ ਦਿੱਤੇ ਹਨ।

ਅਗਰਸੇਨ ਨੇ ਨਿਪੁੰਨਤਾ ਨਾਲ ਰਾਜ ਦਾ ਸੰਚਾਲਨ ਕੀਤਾ ਤੇ ਰਾਜ ਦਾ ਵਿਸਥਾਰ ਕਰਦਿਆਂ ਪਰਜਾ ਦੇ ਹਿੱਤਾਂ ਲਈ ਕੰਮ ਕੀਤਾ। ਉਹ ਧਾਰਮਿਕ ਪ੍ਰਵਿਰਤੀ ਦੇ ਮਾਲਕ ਸਨ। ਧਰਮ ਵਿੱਚ ਉਨ੍ਹਾਂ ਦੀ ਡੂੰਘੀ ਰੁਚੀ ਸੀ। ਉਹ ਰੱਬ ਦੀ ਸਾਧਨਾ ਵਿੱਚ ਵਿਸ਼ਵਾਸ ਰੱਖਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਈ ਵਾਰ ਦੇਵੀ ਲਕਸ਼ਮੀ ਤੋਂ ਇਹ ਵਰਦਾਨ ਹਾਸਲ ਕੀਤਾ ਕਿ ਜਦੋਂ ਤਕ ਉਨ੍ਹਾਂ ਦੇ ਕੁੱਲ ਵਿੱਚ ਲਕਸ਼ਮੀ ਦੇਵੀ ਦੀ ਆਰਾਧਨਾ ਹੁੰਦੀ ਰਹੇਗੀ, ਉਦੋਂ ਤਕ ਅਗਰਕੁਲ ਧਨ ਤੇ ਅਮੀਰੀ ਨਾਲ ਖ਼ੁਸ਼ਹਾਲ ਰਹੇਗਾ।









# ਯੂਰਿਕ ਐਸਿਡ ਕਿਵੇਂ ਕਰੀਏ ਕਾਬੂ ?



ਬਹੁਤ ਸਾਰੇ ਲੋਕ ਯੂਰਿਕ ਐਸਿਡ ਦੀ ਸਮੱਸਿਆ ਤੋਂ ਪੀੜਤ ਹਨ ਅਤੇ ਸਰੀਰ 'ਚ ਯੂਰਿਕ ਐਸਿਡ ਵਧਣ ਨਾਲ ਗਠੀਆ ਸਮੇਤ ਕਈ ਸਿਹਤ ਨਾਲ ਸਬੰਧਤ ਸਮੱਸਿਆਵਾਂ ਹੋ ਸਕਦੀਆਂ ਹਨ। ਸਮੇਂ ਦੇ ਨਾਲ ਯੂਰਿਕ ਐਸਿਡ ਗੋਡਿਆਂ ਸਮੇਤ ਵੱਖੋ-ਵੱਖ ਜੋੜਾਂ 'ਚ ਇਕੱਠਾ ਹੁੰਦਾ ਹੈ, ਅਤੇ ਬਾਅਦ 'ਚ ਇਹ ਸੋਜ਼ਿਸ਼ ਅਤੇ ਦਰਦ ਦਾ ਕਾਰਨ ਬਣਦਾ ਹੈ। ਸਰੀਰ 'ਚ ਯੂਰਿਕ ਐਸਿਡ ਵਧਣ ਨਾਲ ਗਠੀਆ, ਬਲੱਡ ਪ੍ਰੈਸ਼ਰ, ਗੁਰਦੇ ਦੀਆਂ ਸਮੱਸਿਆਵਾਂ ਅਤੇ ਹੋਰ ਗੁੰਝਲਦਾਰ ਬਿਮਾਰੀਆਂ ਹੋ ਸਕਦੀਆਂ ਹਨ। ਸਰੀਰ 'ਚ ਯੂਰਿਕ ਐਸਿਡ ਦੇ ਪੱਧਰ ਨੂੰ ਕਾਬੂ ਕਰਨਾ ਬਹੁਤ ਜ਼ਰੂਰੀ ਹੈ ਪਰ ਯੂਰਿਕ ਐਸਿਡ ਨੂੰ ਕਿਸ ਤਰ੍ਹਾਂ ਕਾਬੂ ਕਰੀਏ? ਸਰੀਰ 'ਚ ਯੂਰਿਕ ਐਸਿਡ ਦੇ ਪੱਧਰ ਨੂੰ ਕਾਬੂ 'ਚ ਕਰਨ ਲਈ ਸੇਬ ਦਾ ਸਿਰਕਾ ਇਕ ਬਹੁਤ ਅਸਰਦਾਰ ਚੀਜ਼ ਹੈ। ਇਸ ਦੀ ਕੀਮਤ ਵੀ ਜ਼ਿਆਦਾ ਨਹੀਂ ਹੁੰਦੀ। ਯੂਰਿਕ ਐਸਿਡ ਦੇ ਪੱਧਰ ਨੂੰ ਕਾਬੂ ਕਰਨ ਲਈ ਇਕ ਚਮਚ ਸਿਰਕਾ ਲਉ। ਇਸ ਨੂੰ ਇਕ ਗਲਾਸ ਪਾਣੀ 'ਚ ਮਿਲਾਉ ਅਤੇ ਇਸ ਨੂੰ ਪੀ ਜਾਉ। ਇਹ ਤੱਤ ਸਰੀਰ 'ਚ ਵੱਖੋ-ਵੱਖ ਦੂਸ਼ਿਤ ਪਦਾਰਥਾਂ ਨੂੰ ਬਾਹਰ ਕਢਦਾ ਹੈ। ਸ਼ੁੱਧ ਸੇਬ ਸਾਈਡਰ ਸਿਰਕਾ 'ਚ ਮੈਲਿਕ ਐਸਿਡ ਹੁੰਦਾ ਹੈ ਜੋ ਕਿ ਯੂਰਿਕ ਐਸਿਡ ਕ੍ਰਿਸਟਲ ਨੂੰ ਤੋੜਦਾ ਹੈ ਅਤੇ ਸਰੀਰ 'ਚ ਇਸ ਨੂੰ ਜੰਮਣ ਤੋਂ ਰੋਕਦਾ ਹੈ। ਇਸ ਤੋਂ ਇਲਾਵਾ ਹਰ ਰੋਜ਼ ਘੱਟ ਤੋਂ ਘੱਟ ਤਿੰਨ ਲਿਟਰ ਪਾਣੀ ਪੀਣ ਨਾਲ ਸਰੀਰ 'ਚ ਯੂਰਿਕ ਐਸਿਡ ਜਮ੍ਹਾਂ ਨਹੀਂ ਹੋ ਸਕਦਾ। ਯੂਰਿਕ ਐਸਿਡ ਦੀਆਂ ਸਮੱਸਿਆਵਾਂ ਨੂੰ ਭੋਜਨ 'ਤੇ ਜ਼ਿਆਦਾ ਕਾਬੂ ਪਾਉਣ ਦੀ ਜ਼ਰੂਰਤ ਨਹੀਂ ਪਰ ਉੱਚ ਪ੍ਰੋਟੀਨ ਵਾਲੀਆਂ ਚੀਜ਼ਾਂ, ਮੱਛੀ, ਮਾਸ, ਦਾਲਾਂ ਸਮੇਤ ਕੁੱਝ ਹਰੀਆਂ-ਸਬਜ਼ੀਆਂ (ਪਾਲਕ) ਤੋਂ ਬਚੋ। ਇਸ ਤੋਂ ਇਲਾਵਾ ਲਾਲ ਮਾਸ, ਵਿਸ਼ੇਸ਼ ਤੌਰ 'ਤੇ ਸਮੁੰਦਰੀ ਮੱਛੀ ਨਾ ਖਾਣਾ ਸੱਭ ਤੋਂ ਚੰਗਾ ਹੈ। ਸਿਹਤ ਮਾਹਰ ਮੰਨਦੇ ਹਨ ਕਿ ਲੋਕਾਂ ਨੂੰ 30 ਸਾਲ ਦੀ ਉਮਰ ਤੋਂ ਬਾਅਦ ਆਪਣਾ ਨਿਯਮਤ ਚੈੱਕਅਪ ਕਰਵਾਉਣਾ ਚਾਹੀਦਾ ਹੈ। ਮਾਹਰ ਇਹ ਵੀ ਮੰਨਦੇ ਹਨ ਕਿ 30 ਸਾਲ ਦੀ ਉਮਰ ਤੋਂ ਬਾਅਦ, ਸਰੀਰ ਵਿੱਚ ਯੂਰਿਕ ਐਸਿਡ ਦੇ ਪੱਧਰ ਵਿੱਚ ਅਚਾਨਕ ਵਾਧਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਕ ਵਾਰ ਸਰੀਰ ਵਿਚ ਯੂਰਿਕ ਐਸਿਡ ਦਾ ਪੱਧਰ ਉੱਚਾ ਹੋ ਜਾਂਦਾ ਹੈ, ਫਿਰ ਤੁਹਾਨੂੰ ਜ਼ਿੰਦਗੀ ਭਰ ਲਈ ਮੁਸ਼ਕਲਾਂ ਹੋ ਸਕਦੀਆਂ ਹਨ। ਇਸ ਕਾਰਨ, ਤੁਹਾਨੂੰ ਗਠੀਏ, ਸ਼ੂਗਰ, ਦਿਲ, ਗੁਰਦੇ ਦੀਆਂ ਬਿਮਾਰੀਆਂ ਹੋਣ ਦਾ ਖਤਰਾ ਵੀ ਹੋ ਸਕਦਾ ਹੈ। ਅਜਿਹੀ ਸਥਿਤੀ ਵਿਚ, ਜੇ ਤੁਸੀਂ ਵੱਧ ਰਹੇ ਯੂਰਿਕ ਐਸਿਡ ਨੂੰ ਨਿਯੰਤਰਿਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਪਹਿਲਾਂ ਯੂਰਿਕ ਐਸਿਡ ਦੇ ਵਧੇ ਹੋਏ ਲੱਛਣਾਂ ਬਾਰੇ ਜਾਣਨਾ ਪਏਗਾ। ਤੁਹਾਨੂੰ ਦੱਸ ਦੇਈਏ ਕਿ ਯੂਰਿਕ ਐਸਿਡ ਇਕ ਰਸਾਇਣ ਹੈ ਜੋ ਸਰੀਰ ਵਿਚ ਬਣਦਾ ਹੈ ਜਦੋਂ ਸਰੀਰ ਪਿਊਰੀਨ ਨਾਂ ਦੇ ਰਸਾਇਣ ਨੂੰ ਛੋਟੇ-ਛੋਟੇ ਟੁਕੜਿਆਂ ਵਿਚ ਤੋੜ ਦਿੰਦਾ ਹੈ। ਇਸ ਦੇ ਵਾਧੇ ਦਾ ਪਤਾ ਖ਼ੂਨ ਦੀ ਜਾਂਚ ਦੁਆਰਾ ਲਗਾਇਆ ਜਾ ਸਕਦਾ ਹੈ।






# ਸਰਦੀਆਂ ਵਿਚ ਵੱਧਦੈ ਹਾਰਟ ਅਟੈਕ ਦਾ ਖ਼ਤਰਾ

ਦਿਲ ਦੇ ਮਰੀਜ਼ਾਂ ਲਈ ਸਰਦੀ ਦਾ ਮੌਸਮ ਖਤਰਨਾਕ ਸਿੱਧ ਹੋ ਸਕਦਾ ਹੈ। ਇਸ ਦੌਰਾਨ ਉਨ੍ਹਾਂ ਨੂੰ



ਇਸ ਪ੍ਰਤੀ ਜ਼ਿਆਦਾ ਸਾਵਧਾਨੀ ਵਰਤਣੀ ਚਾਹੀਦੀ ਹੈ ਕਿਉਂਕਿ ਠੰਢਾ ਮੌਸਮ ਹਾਰਟ ਅਟੈਕ ਦੇ ਖਤਰੇ ਨੂੰ ਕਾਫ਼ੀ ਵਧਾ ਦਿੰਦਾ ਹੈ। ਇਕ ਖੋਜ਼ ਦੌਰਾਨ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਗਰਮੀਆਂ ਦੇ ਮੁਕਾਬਲੇ ਠੰਢੇ ਦਿਨਾਂ 'ਚ ਹਾਰਟ ਅਟੈਕ ਦੇ ਮਾਮਲੇ ਜ਼ਿਆਦਾ ਵੱਧ ਜਾਂਦੇ ਹਨ। ਤਾਪਮਾਨ ਦੇ ਜ਼ੀਰੋ ਡਿਗਰੀ ਸੈਲਸੀਅਤ ਤੋਂ ਘੱਟ ਹੋਣ ਕਾਰਨ ਹਾਰਟ ਅਟੈਕ ਦੀ ਔਸਤ ਦਾ ਇਕ ਦਿਨ ਵਿਚ ਵਧ ਕੇ ਚਾਰ ਹੋ ਜਾਂਦੀ ਹੈ ਜਿਹੜੀ 10 ਡਿਗਰੀ ਤੋਂ ਉੱਪਰਲੇ ਤਾਪਮਾਨ ਦੀ ਤੁਲਨਾ 'ਚ ਕਾਫ਼ੀ ਜ਼ਿਆਦਾ ਹੈ। ਇਸ ਤੋਂ ਇਲਾਵਾ ਹਾਰਟ ਅਟੈਕ ਹੋਣ ਦਾ ਕਾਰਨ ਹਵਾ ਦਾ ਤੇਜ਼ ਚੱਲਣਾ, ਘੱਟ ਧੁੱਪ ਤੇ ਮੌਸਮ ਖੁਸ਼ਕ ਵੀ ਹੁੰਦਾ ਹੈ।

**ਬਚਾਅ**

- ਕੇਲੈਸਟਰੋਲ ਨੂੰ ਕਾਬੂ 'ਚ ਰੱਖੋ। ਹਾਰਟ ਅਟੈਕ ਦਾ ਮੁੱਖ ਕਾਰਨ ਵਧਿਆ ਹੋਇਆ ਕੇਲੈਸਟਰੋਲ ਵੀ ਹੁੰਦਾ ਹੈ। ਇਸ ਕਾਰਨ ਵਿਅਕਤੀ ਅੰਦਰ ਕਈ ਪ੍ਰਕਾਰ ਦੀਆਂ ਦਿਲ ਦੀਆਂ ਬਿਮਾਰੀਆਂ ਵਧਦੀਅੰ ਹਨ। ਬਲੱਡ ਪ੍ਰੈਸ਼ਰ ਤੋਂ ਕੇਲੈਸਟਰੋਲ ਨੂੰ ਕਾਬੂ 'ਚ ਰੱਖਣ ਦੇ ਨਾਲ-ਨਾਲ ਸਾਨੂੰ ਆਪਣੇ ਖਾਣ-ਪੀਣ ਬਾਰੇ ਵੀ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ।
- ਕਸਰਤ ਕਰ ਕੇ ਦਿਲ ਦੇ ਰੋਗਾਂ ਤੇ ਹੋਰ ਬਿਮਾਰੀਆਂ ਨੂੰ ਘੱਟ ਕੀਤਾ ਜਾ ਸਕਦਾ ਹੈ। ਇਸ ਨਾਲ ਕੇਲੈਸਟਰੋਲ ਤੇ ਬਲੱਡ ਪ੍ਰੈਸ਼ਰ ਵੀ ਕਾਬੂ 'ਚ ਰਹਿੰਦੇ ਹਨ।
- ਚੰਗਾ ਭੋਜਨ ਸਿਹਤ 'ਤੇ ਸਿੱਧਾ ਅਸਰ ਪਾਉਂਦਾ ਹੈ। ਇਸ ਨੂੰ ਦਰੁਸਤ ਰੱਖਣ ਲਈ ਖਾਣੇ 'ਚ ਫਲ, ਹਰੀਆਂ ਪੱਤੇਦਾਰ ਸਬਜ਼ੀਅੰ ਤੇ ਕੱਚੇ ਭੋਜਨ ਸ਼ਾਮਿਲ ਕਰੋ।
- ਸਿਗਰਟਨੋਸ਼ੀ ਕਈ ਰੋਗਾਂ ਦਾ ਕਾਰਨ ਬਣਦੀ ਹੈ। ਸਿਗਰਟ ਪੀਣ ਨਾਲ ਦਿਲ ਨੂੰ ਖ਼ੂਨ ਦਾ ਸੰਚਰ ਕਰਨ 'ਚ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ। ਅਜਿਹੇ 'ਚ ਪਾਰਟ ਅਟੈਕ ਦਾ ਖਤਰਾ ਵੱਧ ਜਾਂਦਾ ਹੈ।

# ਕਿਤੇ ਅਸੀਂ ਬਹੁਤੇ ਲਾਡ ਨਾਲ ਬੱਚਿਆਂ ਦੇ ਗੁਲਾਮ ਤਾਂ ਨਹੀਂ ਬਣ ਰਹੇ !

**ਵੰਧਨਾ ਵਰਮਾ**

ਅਜੋਕੇ ਸਮੇਂ ਵਿਚ ਸਿੱਖਿਆ ਸੰਸਥਾਵਾਂ, ਅਧਿਆਪਕ, ਮਾਪੇ, ਪੁਲਿਸ, ਕਾਨੂੰਨ ਸਾਰੇ ਹੀ ਬੱਚਿਆਂ ਦੀਆਂ ਸ਼ਰਾਰਤਾਂ, ਭੈੜੀਆਂ ਆਦਤਾਂ, ਨਸ਼ਿਆਂ, ਐਸ਼ਪ੍ਰਸਤੀ, ਮਨਮਰਜ਼ੀਆਂ, ਕਾਨੂੰਨ ਤੇ ਨਿਯਮ ਤੋੜਨ ਦੀਆਂ ਆਦਤਾਂ ਤੇ ਅਨੁਸ਼ਾਸਨ ਦੀ ਪਾਲਣਾ ਨਾ ਕਰਨ ਆਦਿ ਦੀਆਂ ਆਦਤਾਂ ਤੋਂ ਬੇਹੱਦ ਦੁਖੀ ਹਨ। ਇਸ ਸਭ ਲਈ ਮਾਪੇ ਅਧਿਆਪਕਾਂ ਨੂੰ ਦੋਸ਼ ਦੇ ਰਹੇ ਹਨ ਅਤੇ ਅਧਿਆਪਕ ਮਾਪਿਆਂ ਨੂੰ। ਮੋਬਾਈਲ, ਟੀ. ਵੀ. ਦੀ ਲਗਾਤਾਰ ਮਾਪਿਆਂ ਨੂੰ। ਮੋਬਾਈਲ, ਟੀ. ਵੀ. ਦੀ ਲਗਾਤਾਰ ਵਰਤੋਂ ਵੀ ਬੱਚਿਆਂ ਨੂੰ ਤਬਾਹੀ ਵੱਲ ਲਿਜਾ ਰਹੀ ਹੈ। ਸਭ ਦੀ ਸਿਆਣਪ ਤੇ ਉਨਤੀ, ਅਮਨ ਸ਼ਾਂਤੀ ਤੇ ਖੁਸ਼ਹਾਲੀ ਲਈ 101 ਦਾ ਚਮਤਕਾਰ ਹੈ। ਜਿਵੇਂ ਇਕ ਭਾਵ ਈਸ਼ਵਰ। ਇਸ਼ਵਰ ਜਨਮ ਦਿੰਦਾ ਹੈ, ਕੁਦਰਤ ਜੀਵਨ ਦਿੰਦੀ ਹੈ। ਬਾਕੀ 100 ਵਿਚੋਂ 30 ਫ਼ੀਸਦੀ ਜ਼ਿੰਮੇਵਾਰੀ ਮਾਪਿਆਂ ਦੀ 20 ਫ਼ੀਸਦੀ ਸਦੀ ਸਮਾਜ ਦੀ ਤੇ 10 ਫ਼ੀਸਦੀ ਬੱਚੇ ਦੀ ਆਪਣੀ ਵੀ ਹੈ।



ਬੱਚਾ ਸਕੂਲ ਅੰਦਰ 6 ਘੰਟੇ ਰਹਿੰਦਾ ਹੈ, ਘਰ 16 ਘੰਟੇ ਤੇ 2 ਘੰਟੇ ਸੜਕਾਂ ਉੱਤੇ। ਇਸ ਲਈ 6 ਘੰਟੇ ਵਿਚ ਸਕੂਲ ਵਿਚ ਪੜ੍ਹਾਈ ਹੁੰਦੀ ਹੈ, ਸਿੱਖਿਆ ਵੀ ਮਿਲਦੀ ਹੈ। ਪਰ ਘਰ ਵਿਚ 16 ਘੰਟਿਆਂ ਵਿਚੋਂ 6 ਤੋਂ 8 ਘੰਟੇ ਬੱਚਾ ਸੌਂਦਾ ਹੈ, 7 ਘੰਟਿਆਂ ਵਿਚੋਂ 6 ਘੰਟੇ ਉਹ ਮਾਪਿਆਂ ਦੀ ਹਾਜ਼ਰੀ ਵਿਚ ਮੋਬਾਈਲ, ਵੀਡੀਓ ਗੇਮ, ਜੰਕ ਫੂਡ, ਟੀ. ਵੀ., ਆਰਾਮਪ੍ਰਸਤੀ ਕਰਦਾ ਹੈ। ਇਹੀ 6 ਘੰਟੇ ਬੱਚੇ ਦੀ ਜ਼ਿੰਦਗੀ ਨੂੰ ਬਰਬਾਦ ਕਰ ਰਹੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬੱਚੇ ਨੂੰ ਘਰ ਵਿਚ ਉਹੀ ਮਿਲਦਾ, ਜੋ ਮਾਪੇ ਉਸ ਲਈ ਲਿਆਉਂਦੇ, ਵਿਖਾਉਂਦੇ ਤੇ ਪਰੋਸ ਦਿੰਦੇ ਹਨ। ਅੱਜਕੱਲ੍ਹ ਦੇ ਮਾਪੇ ਏਨੇ ਆਲਸੀ ਹੋ ਗਏ ਹਨ ਕਿ ਬੱਚੇ ਨੂੰ ਘਰ ਵਿਚ ਕੋਈ ਚੰਗੀ ਚੀਜ਼ ਬਣਾ ਕੇ ਨਹੀਂ ਖੁਆ ਸਕਦੇ। ਉਹ ਆਪਣੇ ਬੱਚਿਆਂ ਨੂੰ ਬਾਜ਼ਾਰੋਂ ਜੰਕ ਫੂਡ, ਕੋਲਡ ਡਰਿੰਕ ਖਾਣ ਲਈ ਲਿਆ ਦਿੰਦੇ ਹਨ। ਉਨ੍ਹਾਂ ਨੂੰ ਜੰਕ ਫੂਡ ਤਿਆਰ ਕਰਨ ਲਈ ਕੋਈ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ, ਬਸ ਫ਼ੋਨ ਕਰੋ ਤੇ ਘਰੇ ਹੀ ਮੰਗਵਾ ਲਓ ਜਾਂ ਫਿਰ ਤਿਆਰ ਹੋ ਕੇ ਹੋਟਲ ਜਾਉ ਤੇ ਖਾ ਪੀ ਕੇ ਘਰ ਆ ਜਾਊ। ਇਹ ਜੰਕ ਫੂਡ ਭੋਜਨ ਹੀ ਬੱਚਿਆਂ ਦੀ ਜ਼ਿੰਦਗੀ ਤਬਾਹੀ ਕਰ ਰਿਹਾ ਹੈ। ਸਕੂਲਾਂ ਅੰਦਰ ਬੱਚਿਆਂ ਲਈ ਮੋਬਾਈਲ ਦੀ ਵਰਤੋਂ ਉੱਤੇ ਮਨਾਹੀ, ਫਾਸਟ ਫੂਡ ਦੀ ਮਨਾਹੀ, ਨਸ਼ਿਆਂ ਦੀ ਮਨਾਹੀ, ਆਰਾਮ ਕਰਨ ਦੀ ਮਨਾਹੀ, ਅਨੁਸ਼ਾਸਨ, ਆਗਿਆਪਾਲਣ ਤੇ ਆਪਣਾ ਕੰਮ ਖੁਦ ਕਰਨਾ ਜ਼ਰੂਰ ਹੁੰਦਾ ਹੈ ਪਰ ਘਰ ਅੰਦਰਬੱਚੇ, ਮਾਪਿਆਂ ਸਾਹਮਣੇ ਮਨਮਰਜ਼ੀ ਤੇ ਆਜ਼ਾਦੀ ਦਾ ਪ੍ਰਗਟਾਵਾ ਕਰਦੇ ਹਨ। ਮਾਪੇ ਵੀ ਬੱਚਿਆਂ ਸਾਹਮਣੇ ਨਸ਼ਿਆਂ ਦੀ ਵਰਤੋਂ ਕਰਦੇ ਹਨ, ਕਾਨੂੰਨ ਵੀ ਤੋੜਦੇ ਹਨ। ਮਾਪੇ ਘਰ ਅੰਦਰ ਕੋਈ ਟਾਈਮ ਟੇਬਲ ਨਹੀਂ, ਕੋਈ ਢੰਗ ਤਰੀਕਾ, ਕਾਇਦਾ ਨਹੀਂ ਬਣਾਉਂਦੇ। ਘਰ ਅੰਦਰਮਾਪੇ ਬੱਚਿਆਂ ਦੇ ਨੌਕਰ ਹੁੰਦੇ ਹਨ ਤੇ ਬੱਚਿਆਂ ਨੂੰ ਬੈੱਡ ਉੱਤੇ ਹੀ ਸਭ ਕੁਝ ਹੋਟਲਾਂ ਵਾਂਗ ਪਰੋਸਿਆ ਜਾਂਦਾ ਹੈ। ਹੋਰ ਤਾਂ ਹੋਰ ਬੱਚੇ ਭੋਜਨ ਮਗਰੋਂ ਆਪਣੇ ਭਾਂਡੇ ਵੀ ਨਹੀਂ ਉਠਾਉਂਦੇ। ਉਹ ਫੱਲ ਖਾ ਕੇ ਛਿੱਲਰ ਟੋਕਰੀ ਵਿਚ ਨਹੀਂ ਪਾਉਂਦੇ, ਮੈਲੇ ਕਪੜੇ ਨਹੀਂ ਬਦਲਦੇ, ਸਫ਼ਾਈ ਵਲ ਬਿਲਕੁਲ ਧਿਆਨ ਨਹੀਂ ਦਿੰਦੇ, ਪਾਣੀ, ਬਿਜਲੀ, ਗੈਸ ਦੀ ਖੁੱਲ੍ਹੀ ਵਰਤੋਂ ਕਰਦੇ ਹਨ। ਕਈ ਬੱਚੇ ਤਾਂ ਮਾਪਿਆਂ ਨਾਲ ਲੜਦੇ ਹਨ, ਮਾਪਿਆਂ ਲਈ ਭੱਦੀ ਸ਼ਬਦਾਵਲੀ ਵਰਤਦੇ ਹਨ। ਪਰ ਮਾਪੇ ਨੌਕਰਾਂ ਵਾਂਗ ਹੱਥ ਜੋੜ ਕੇ ਸੁਣਦੇ ਤੇ ਸਹਿੰਦੇ ਰਹਿੰਦੇ ਹਨ। ਕਈ ਮਾਪੇ ਬੱਚਿਆਂ ਸਾਹਮਣੇ ਹੀ ਇਤਰਾਜ਼ਯੋਗ ਗੱਲਾਂ ਕਰਦੇ ਤੇ ਆਪਸ ਵਿਚ ਲੜਦੇ ਨੇ ਜਿਸ ਨੂੰ ਵੇਖ ਕੇ ਛੋਟੇ ਬੱਚੇ ਸਿਖਦੇ ਹਨ। ਬੱਚਿਆਂ ਨੂੰ ਗੰਦੀਆਂ ਗੱਲਾਂ ਤੇ ਗਾਲਾਂ ਦੀ ਸਿੱਖਿਆ ਘਰੋਂ ਹੀ ਪ੍ਰਾਪਤ ਹੁੰਦੀ ਹੈ। ਬੱਚਿਆਂ ਨੂੰ ਵਿਗਾੜਨ ਵਿਚ ਮਾਪਿਆਂ ਦਾ ਰੋਲ 80 ਫ਼ੀਸਦੀ ਹੈ। ਜੋ ਕਾਰਜ ਸਰਕਾਰ, ਕਾਨੂੰਨ, ਸਕੂਲ, ਸਮਾਜ ਕਰਨ ਦੀ ਆਗਿਆ ਨਹੀਂ ਦਿੰਦਾ ਉਹ ਸਭ ਬੱਚੇ ਘਰ ਅੰਦਰ ਵੇਖਦੇ, ਵਰਤਦੇ ਤੇ ਕਰਦੇ ਹਨ। ਲਗਭਗ ਸਾਰੇ ਹੀ ਬੱਚੇ ਦਸਦੇ ਹਨ ਸਭ ਗਲਤ ਕੰਮ ਉਨ੍ਹਾਂ ਨੇ ਘਰੋਂ ਸਿਖੇ। ਇਕ ਸਕੂਲ ਵਿਚ 10 ਸਾਲਾ ਲੜਕਾ ਸ਼ਰਾਬ ਪੀ ਕੇ ਆਇਆ। ਪ੍ਰਿੰਸੀਪਲ ਦੇ ਕਹਿਣ ਤੇ ਅਸੀਂ ਗਏ ਤਾਂ ਲੜਕਾ ਕਹਿੰਦਾ ਕਿ "ਉਸ ਦੇ ਪਾਪਾ ਹਰ ਰੋਜ਼ ਪੀਂਦੇ ਹਨ। ਮਾਂ ਜਦੋਂ ਉਨ੍ਹਾਂ ਨੂੰ ਰੋਕਦੀ ਹੈ ਤਾਂ ਪਾਪਾ ਜੀ ਕਹਿੰਦੇ ਨੇ ਕਿ ਥੋੜ੍ਹੀ ਜਹੀ ਸ਼ਰਾਬ ਥਕਾਵਟ ਦੂਰ ਕਰਦੀ ਹੈ, ਇਸ ਨਾਲ ਹਾਜ਼ਮਾ ਠੀਕ ਹੋ ਜਾਂਦਾ ਹੈ, ਨੀਂਦ ਚੰਗੀ ਆਉਂਦੀ ਹੈ, ਸਰੀਰ ਦਿਮਾਗ ਤੇਜ਼ ਚਲਦਾ ਹੈ।" ਉਸਨੇ ਅੱਗੇ ਦੱਸਿਆ ਕਿ 'ਜਦੋਂ ਮੈਨੂੰ ਥੋੜ੍ਹੀ ਥਕਾਵਟ ਹੋਈ, ਜਦੋਂ ਕਦੇ ਕਮਜ਼ੋਰੀ ਮਹਿਸੂਸ ਹੋਈ ਜਾਂ ਮੇਰਾ ਹਾਜ਼ਮਾ ਖਰਾਬ ਹੋਇਆ ਤਾਂ ਮੈਂ ਮੰਮੀ-ਪਾਪਾ ਤੋਂ ਚੋਰੀ ਬੋਤਲ ਵਿਚੋਂ ਥੋੜ੍ਹੀ ਜਹੀ ਸ਼ਰਾਬ ਕੱਢ ਕੇ ਉਨਾ ਹੀ ਪਾਣੀ ਬੋਤਲ ਵਿਚ ਪਾ ਦਿੰਦਾ ਹਾਂ।" ਅੱਜਕੱਲ੍ਹ ਦਾ ਮੀਡੀਆ ਵੀ ਬੱਚਿਆਂ ਦੇ ਪੱਖ ਦੀ ਗੱਲ ਕਰਕੇ, ਬੱਚਿਆਂ ਤੇ ਦੇਸ਼ ਦਾ ਭਵਿੱਖ ਬਣਾਉਣ ਵਾਲੇ ਅਧਿਆਪਕਾਂ ਨੂੰ ਹੀ ਕਸੂਰਵਾਰ ਦਸ ਰਿਹਾ ਹੈ, ਜਦਕਿ ਪੁਰਾਣੇ ਸਮਿਆਂ ਵਿਚ ਮਾਪੇ ਅਕਸਰ ਬੱਚਿਆਂ ਨੂੰ ਡਰਾਉਣ ਲਈ ਕਹਿ ਦਿੰਦੇ ਕਿ ਤੇਰੇ ਅਧਿਆਪਕ ਨੂੰ ਦਸਾਂਗੇ ਤੇ ਅਧਿਆਪਕ ਦੇ ਸਜ਼ਾ ਦੇਣ ਉੱਤੇ ਮਾਪੇ ਉਸ ਦਾ ਸਮਰਥਨ ਕਰਦੇ ਸਨ। ਇਸ ਨਾਲ ਬੱਚਿਆਂ ਦੇ ਦਿਲ, ਦਿਮਾਗ, ਅੰਦਰ ਅਧਿਆਪਕ ਪ੍ਰਤੀ ਡਰ ਕਾਇਮ ਰਹਿੰਦਾ ਸੀ। ਪਰ ਇਸ ਸਮੇਂ ਬੱਚੇ ਥਾਂਦਾਰ ਬਣ ਰਹੇ ਹਨ ਤੇ ਮਾਪੇ ਅਧਿਆਪਕ ਤੇ ਹੋਰ ਸਾਰੇ ਉਸ ਦੇ ਸੇਵਾਦਾਰ। ਬੱਚਿਆਂ ਨੂੰ ਪੈਸਾ ਕਮਾਉਣਾ ਨਹੀਂ, ਇੱਜ਼ਤ ਕਮਾਉਣਾ, ਸੇਵਾ ਕਰਨਾ, ਖੁਸ਼ੀਆਂ ਵੰਡਣਾ, ਹਮਦਰਦੀ ਵਿਖਾਉਣਾ, ਵਾਤਾਵਰਣ ਤੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਸਿਖਾਇਆ ਜਾਵੇ ਤੇ ਇਸ ਦੀ ਮਹੱਤਤਾ ਦੱਸੀ ਜਾਵੇ। ਬੱਚਿਆਂ ਨੂੰ ਕੱਟੜ ਧਾਰਮਿਕ ਵਿਅਕਤੀ ਨਹੀਂ, ਕਰਮਯੋਗੀ ਬਣਾਇਆ ਜਾਵੇ। ਇਸ ਸਮੇਂ ਜ਼ਰੂਰਤ ਹੈ ਕਿ ਸਰਕਾਰ, ਮਾਪੇ ਤੇ ਅਧਿਆਪਕ ਬੱਚਿਆਂ ਨੂੰ ਠੀਕ ਦਿਸ਼ਾ ਵਿਖਾਉਣ ਲਈ ਵਿਦਵਾਨ ਲੋਕਾਂ ਦੀ ਰਾਏ ਲੈਣ ਤੇ ਘਰ ਅੰਦਰ ਇਕ ਪੱਕੀ ਸਮਾਂ ਸਾਰਨੀ ਬਣਾਉਣ। ਸਕੂਲ ਲਈ ਤਿਆਰ ਹੋਣ ਲਈ ਬੱਚਾ ਖੁਦ ਯਤਨ ਕਰੇ, ਰਾਤ ਨੂੰ ਹੀ ਵਰਦੀ ਤਿਆਰ ਕਰ ਕੇ ਰੱਖੇ। ਜੇਕਰ ਬੱਚਾ ਵਹੀਕਲ ਰਾਹੀਂ ਸਕੂਲ ਜਾਂਦਾ ਹੈ ਤਾਂ ਉਹ ਆਪਣਾ ਬਸਤਾ ਬੋਤਲ ਖੁਦ ਚੁੱਕੇ, ਖੁਦ ਵਹੀਕਲ ਵਿਚ ਚੜ੍ਹੇ-ਉਤਰੇ। ਵਾਪਸ ਆ ਕੇ ਖੁਦ ਕਪੜੇ ਬਦਲੇ, ਵਰਦੀ ਠੀਕ ਥਾਂ ਰੱਖੇ, ਹੱਥ ਪੈਰ ਸਾਫ਼ ਕਰੇ, ਆਰਾਮ ਤੇ ਸ਼ਾਂਤੀ ਨਾਲ ਖੁਦ ਲੈ ਕੇ ਭੋਜਨ ਖਾਵੇ, ਭਾਂਡੇ ਆਪ ਚੁੱਕੇ, ਭੋਜਨ ਲਈ ਮੀਨੂੰ ਬਣਾਇਆ ਜਾਵੇ ਤੇ ਇਸ ਵਿਚ ਜੰਕ ਫੂਡ, ਕੋਲਡ ਡਰਿੰਕ, ਮੈਦਾ ਪੱਕੇ ਤੌਰ 'ਤੇ ਬੰਦ ਕੀਤੇ ਜਾਣ। ਬਾਜ਼ਾਰ ਦਾ ਭੋਜਨ ਬੰਦ ਕੀਤਾ ਜਾਵੇ। ਸਵੇਰੇ ਜਾਂ ਸ਼ਾਮ ਨੂੰ 40 ਮਿੰਟ ਸੈਰ ਜ਼ਰੂਰ ਰਕਨੀ ਹੈ। ਵਿਖਾਵੇ ਤੇ ਮਨੋਰੰਜਨ ਉੱਤੇ ਪੈਸੇ ਦੀ ਬਰਬਾਦੀ ਨਹੀਂ ਕਰਨੀ ਚਾਹੀਦੀ। ਘਰ ਅੰਦਰ ਧਾਰਮਿਕ ਰਹੋ ਪਰ ਘਰੋਂ ਭਾਰਤੀ ਜ਼ਿੰਮੇਵਾਰ ਨਾਗਰਿਕ ਬਣ ਕੇ ਕਾਰਜ ਕਰੋ। ਬੱਚਿਆਂ ਨੂੰ ਸਿਖਾਓ ਕਿ ਵਾਤਾਵਰਣ, ਪਾਣੀ, ਬਿਜਲੀ, ਤੇਲ, ਪਟਰੌਲ ਦੀ ਦੁਰਵਰਤੋਂ ਨਾ ਕਰੋ ਅਤੇ ਟ੍ਰੈਫਿਕ, ਸਿਹਤ ਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਹਮੇਸ਼ਾ ਖੁਸ਼ ਤੇ ਸੰਤੁਸ਼ਟ ਰਹਿਣਾ ਚਾਹੀਦਾ ਹੈ। ਕਿਸੇ ਦਾ ਬੁਰਾ ਨਹੀਂ ਸੋਚਣਾ ਚਾਹੀਦਾ। ਸਭ ਦਾ ਭਲਾ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਬੇਈਮਾਨੀ, ਹੇਰਾਫੇਰੀ, ਲਾਲਚ, ਗਲਤ ਕੰਮਾਂ ਤੋਂ ਬਚਣਾ ਚਾਹੀਦਾ ਹੈ। ਮਾਪਿਆਂ ਦੇ ਬਦਲਣ ਨਾਲ ਹੀ ਬੱਚਿਆਂ ਵਿਚ ਸੁਧਾਰ ਆਵੇਗਾ। ਵਰਨਾ 10-12 ਸਾਲਾਂ ਵਿਚ ਪੰਜਾਬ ਅੰਦਰ ਜੁਰਮ, ਨਸ਼ੇ ਹੀ ਹੋਣਗੇ। ਇਸ ਤੋਂ ਬਾਅਦ ਫਿਰ ਪਛਤਾਉਮਾ ਹੀ ਪਵੇਗਾ ਰੋਣਾ ਹੀ ਪਵੇਗਾ, ਅੱਜਸਮਾਂ ਹੱਥੋਂ ਨਿਕਲ ਰਿਹਾ ਹੈ।



# ਲੋਕ ਗੀਤ ਪੰਜਾਬੀਅਤ ਦਾ ਦਰਪਣ




ਪੰਜਾਬੀ ਲੋਕ-ਗੀਤਾਂ 'ਚ ਵਿਸ਼ੇ ਤੇ ਰੂਪ ਪੱਖੋਂ ਬਹੁਤ ਵੰਨ-ਸੁਵੰਨਤਾ ਹੈ। ਪੰਜਾਬੀ ਲੋਕ-ਗੀਤਾਂ ਦਾ ਵਰਗੀਕਰਨ ਵੀ ਭਿੰਨ-ਭਿੰਨ ਵਿਦਵਾਨਾਂ ਨੇ ਵੱਖੋ-ਵੱਖਰਾ ਕੀਤਾ ਹੈ। ਇਨ੍ਹਾਂ 'ਚ ਕਪੂਰ ਸਿੰਘ, ਨਰੇਂਦਰ ਸਿੰਘ, ਡਾ. ਵਣਜਾਰਾ ਬੇਦੀ, ਡਾ. ਕਰਨੈਲ ਸਿੰਘ ਥਿੰਦ ਦੇ ਨਾਂ ਵੀ ਜ਼ਿਕਰਯੋਗ ਹਨ। ਇੱਥੇ ਗੱਲ ਕਰ ਰਹੇ ਹਾਂ ਪ੍ਰਸਿੱਧ ਪੰਜਾਬੀ ਲੋਕ-ਗੀਤਾਂ ਦੀ, ਜਿਨ੍ਹਾਂ ਦਾ ਸਾਡੇ ਜੀਵਨ ਦੇ ਵੱਖ-ਵੱਖ ਪੱਖਾਂ ਨਾਲ ਵਧੇਰੇ ਸੰਬੰਧ ਹੈ। ਪੰਜਾਬੀ ਲੋਕ-ਗੀਤਾਂ ਦਾ ਜਨਮ ਬੱਚੇ ਦੇ ਜਨਮ ਨਾਲ ਹੀ ਹੋ ਜਾਂਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਦਾਈ ਤੇ ਬਾਕੀ ਸਾਰੇ ਰਿਸ਼ਤੇਦਾਰ ਬੱਚੇ ਦੇ ਜਨਮ ਦੀ ਖ਼ੁਸ਼ੀ ਮਨਾਉਂਦੇ ਹਨ ਤਾਂ ਉਨ੍ਹਾਂ ਵੱਲੋਂ ਆਪ ਮੁਹਾਰੇ ਲੋਕ-ਗੀਤ ਸਿਰਜੇ ਜਾਂਦੇ ਹਨ :

ਧੰਨ ਤੇਰੀ ਮਾਂ ਭਲੀ ਵੇ ਮਹਾਰਾਜ,
ਜਿਨ ਤੂੰ ਬੇਟੜਿਆ ਜਾਇਆ।
ਧੰਨ ਤੇਰੀ ਚਾਚੀ ਭਲੀ ਵੇ ਮਹਾਰਾਜ,
ਜਿਨ ਤੇਰਾ ਛੱਜ ਰਖਾਇਆ।
ਧੰਨ ਤੇਰੀ ਭੈਣ ਭਲੀ ਵੇ ਮਹਾਰਾਜ,
ਜਿਨ ਤੈਨੂੰ ਕੁੱਛੜ ਖਿਡਾਇਆ ।
ਧੰਨ ਤੇਰੀ ਮਾਮੀ ਭਲੀ ਵੇ ਮਹਾਰਾਜ,
ਜਿਨ ਤੇਰਾ ਸੋਹਲੜਾ ਗਾਇਆ।

ਘਰ ਦਾ ਕੰਮ ਕਰਦੇ ਸਮੇਂ ਬੱਚੇ ਨੂੰ ਵਰਚਾਉਣ ਤੇ ਪਾਲਣ - ਪੋਸ਼ਣ ਦੇ ਵਿਚ ਲੋਕ-ਗੀਤ 'ਲੋਰੀਆਂ' ਰਾਹੀਂ ਮਾਂ ਦੀ ਸਹਾਇਤਾ ਕਰਦੇ ਹਨ :

ਸੌਂ ਜਾ ਕਾਕਾ ਤੂੰ ,
ਤੇਰੇ ਬੋਦੇ ਲੜ ਗਈ ਜੂੰ।
ਕੱਢਣ ਤੇਰੀਆਂ ਮਾਮੀਆਂ,
ਕਢਾਉਣ ਵਾਲਾ ਤੂੰ।

ਗੱਭਰੂ ਤੇ ਕੁੜੀਆਂ ਕਰਦੇ ਨੇ ਦਿਲ ਹੌਲੇ

ਪੰਜਾਬੀ ਲੋਕ-ਗੀਤਾਂ 'ਚ ਪੰਜਾਬ ਦੀਆਂ ਰੁੱਤਾਂ, ਤਿਉਹਾਰਾਂ ਤੇ ਮੇਲਿਆਂ ਬਾਰੇ ਅਨੇਕਾਂ ਗੀਤ ਮਿਲਦੇ ਹਨ। ਲੋਹੜੀ, ਤੀਆਂ, ਹੋਲੀ, ਵਿਸਾਖੀ, ਬਸੰਤ ਆਦਿ ਮੌਕਿਆਂ 'ਤੇ ਵੀ ਗੀਤ ਗਾਏ ਜਾਂਦੇ ਹਨ। ਪੰਜਾਬ ਦੇ ਬਹੁਤੇ ਤਿਉਹਾਰ ਤੇ ਮੇਲੇ ਰੁੱਤਾਂ ਦੀ ਤਬਦੀਲੀ ਸਮੇਂ ਹੁੰਦੇ ਹਨ :

ਤੇਰੀ ਵੇ ਸੰਧੂਰੀ ਪੱਗ ਦੇ
ਸਾਨੂੰ ਮੱਸਿਆ 'ਤੇ ਪੈਣ ਭੁਲੇਖੇ।

ਮੇਲੇ ਦੇ ਭੰਗੜੇ ਵਿਚ ਗੱਭਰੂ ਵੰਨ-ਸੁਵੰਨੀਆਂ ਬੋਲੀਆਂ ਪਾਉਂਦੇ ਤੇ ਆਪਣੇ ਦਿਲ ਹੌਲੇ ਕਰਦੇ ਹਨ :

ਅੰਬਰਸਰ ਦੇ ਮੁੰਡੇ ਸੁਣੀਂਦੇ, ਪੱਗਾਂ ਬੰਨ੍ਹਦੇ ਹਰੀਆਂ।
ਮਾੜੀ ਕੁੜੀ ਨਾਲ ਵਿਆਹ ਨਾ ਕਰਾਉਂਦੇਂ,
ਵਿਆਹ ਕੇ ਲਿਆਉਂਦੇ ਪਰੀਆਂ।
ਕੋਲ ਵਿਚੋਲੇ ਦੇ, ਦੋ ਮੁਟਿਆਰਾਂ ਖੜ੍ਹੀਆਂ।

ਤੀਆਂ ਵਿਚ ਜਾਣ ਸਮੇਂ ਕੁੜੀਆਂ ਘਰਾਂ ਤੋਂ ਨਿੱਕਲ ਕੇ ਝੁੰਡ ਬਣਾ ਕੇ ਤੁਰੀਆਂ ਜਾਂਦੀਆਂ, ਇਕ- ਦੂਜੇ ਨੂੰ ਬੋਲੀ ਦੇ ਰੂਪ ਵਿਚ ਆਵਾਜ਼ਾਂ ਮਾਰਦੀਆਂ ਹਨ:

ਆਉਂਦੀ ਕੁੜੀਏ ਜਾਂਦੀਏ ਕੁੜੀਏ,
ਚੱਕ ਲਿਆ ਬਾਜ਼ਾਰ ਵਿੱਚੋਂ ਝਾਵੇਂ।
ਨੀ ਕਾਹਲੀ -ਕਾਹਲੀ ਪੈਰ ਪੱਟ ਲੈ, ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।

## ਲੋਕ-ਗੀਤਾਂ 'ਚ ਰਿਸ਼ਤਿਆਂ ਦੀ ਗੱਲ

ਰਿਸ਼ਤਿਆਂ ਨਾਲ ਸੰਬੰਧਿਤ ਵੀ ਬਹੁਤ ਸਾਰੇ ਲੋਕ-ਗੀਤ ਮਿਲਦੇ ਹਨ। ਪਿਓ-ਧੀ, ਮਾਂ-ਧੀ, ਭੈਣ-ਭਰਾ, ਨਣਦ-ਭਰਜਾਈ, ਨੂੰਹ-ਸੱਸ, ਪਤੀ-ਪਤਨੀ, ਜੇਠ-ਜੇਠਾਣੀ, ਨੂੰਹ-ਸਹੁਰਾ ਆਦਿ ਰਿਸ਼ਤਿਆਂ ਬਾਰੇ ਬਹੁਤ ਗੀਤ ਗਾਏ ਜਾਂਦੇ ਹਨ।

ਪਿਓ-ਧੀ ਨਾਲ ਸੰਬੰਧਿਤ ਲੋਕ-ਗੀਤ:
ਧੀਆਂ ਹੁੰਦੀਆਂ ਜੇ ਦੌਲਤਾਂ ਬੇਗਾਨੀਆਂ,
ਹੱਸ-ਹੱਸ ਤੋਰੀ ਬਾਬਲਾ।
ਭੈਣ-ਭਰਾ ਨਾਲ ਸੰਬੰਧਿਤ ਲੋਕ-ਗੀਤ:
ਮੇਰੇ ਵੀਰ ਜਿਹਾ ਨਾ ਕੋਈ, ਦੁਨੀਆ ਲੱਖ ਵਸਦੀ।
ਦਿਓਰ-ਭਰਜਾਈ ਨਾਲ ਸੰਬੰਧਿਤ ਲੋਕ-ਗੀਤ:
ਬਾਰੀ ਬਰਸੀ ਖੱਟਣੇ ਨੂੰ ਘੱਲਿਆ, ਖੱਟ ਕੇ ਲਿਆਂਦਾ ਆਰਾ।
ਨੌਕਰ ਹੋ ਜਾਊਂਗਾ,
ਭਾਬੀ ਤੇਰਿਆਂ ਦੁੱਖਾਂ ਦਾ ਮਾਰਾ।
ਸੱਸ-ਨੂੰਹ ਨਾਲ ਸੰਬੰਧਿਤ ਲੋਕ-ਗੀਤ:
ਸੱਸ ਕੁੱਟਣੀ ਸੰਦੂਕਾਂ ਓਹਲੇ,
ਨਿੰਮ ਦਾ ਬਣਾ ਦੇ ਘੋਟਣਾ।

ਵਿਆਹ ਵਾਲੇ ਘਰ 'ਚ ਗੂੰਜਦੇ ਲੋਕ-ਗੀਤ

ਪੰਜਾਬੀ ਜੀਵਨ ਦੇ ਸਭ ਤੋਂ ਚੰਗੇਰੇ ਸੱਭਿਆਚਾਰਕ ਪ੍ਰੋਗਰਾਮ ਮੁੰਡਿਆਂ -ਕੁੜੀਆਂ ਦੇ ਵਿਆਹ ਤੇ ਮੰਗਣੇ ਦੇ ਸਮੇਂ ਹੁੰਦੇ ਹਨ। ਵਿਆਹ ਦੇ ਨਿਸ਼ਚਿਤ ਦਿਨ ਤੋਂ ਪਹਿਲਾਂ ਵਿਆਹ ਵਾਲੇ ਘਰ ਗੀਤ ਗਾਏ ਜਾਣ ਲੱਗ ਪੈਂਦੇ ਹਨ। ਵਿਆਹ ਵਿਚ ਜੰਞ ਤੇ ਲਾੜੇ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਕੁੜੀ ਵਾਲਿਆਂ ਦੇ ਘਰ ਸੁਹਾਗ ਗਾਏ ਜਾਂਦੇ ਹਨ:

ਬੇਟੀ ਚੰਨਣ ਦੇ ਓਹਲੇ ਓਹਲੇ ਕਿਉਂ ਖੜ੍ਹੀ ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਦੁਆਰ
ਬਾਬਲ, ਵਰ ਲੋੜੀਏ।

ਲੜਕੇ ਦੇ ਘਰ ਘੋੜੀਆਂ ਗਾਈਆਂ ਜਾਂਦੀਆ ਹਨ:

ਨਿੱਕੀ ਨਿੱਕੀ ਬੂੰਦੀ ਨਿੱਕਿਆ ਮੀਂਹ ਵਰ੍ਹੇ।
ਮਾਤਾ ਬੁਲਾਵੇ ਨਿੱਕਿਆ ਆਓ ਘਰੇ।

ਪੰਜਾਬੀਆਂ ਦੀ ਬਹਾਦਰੀ ਦਾ ਝਲਕਾਰਾ

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵਾਲਾ ਅਖਾਣ ਪੰਜਾਬੀਆਂ ਦੀ ਬਹਾਦਰੀ ਦੀ ਹਾਮੀ ਭਰਦਾ ਹੈ। ਸ਼ੁਰੂ ਤੋਂ ਹੀ ਪੰਜਾਬ ਦੀ ਧਰਤੀ ਦੇ ਬੀਰ ਸਪੂਤ ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਕਰਦੇ ਰਹੇ ਹਨ, ਜਿਸ ਕਾਰਨ ਇਨ੍ਹਾਂ ਵਿਚ ਦੇਸ਼ ਭਗਤੀ ਕੁੱਟ-ਕੁੱਟ ਕੇ ਭਰੀ ਹੋਈ ਹੈ। ਹਰ ਹਮਲਾਵਰ ਦਾ ਇਨ੍ਹਾਂ ਨੇ ਡਟ ਕੇ ਮੁਕਾਬਲਾ ਕੀਤਾ ਹੈ। ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਇਨ੍ਹਾਂ ਨੇ ਮੂੰਹ ਤੋੜ ਜਵਾਬ ਦਿੱਤਾ। ਇਸੇ ਟਾਕਰੇ ਸਦਕਾ ਹੀ ਪੰਜਾਬੀਆਂ 'ਚ ਸੂਰਬੀਰਤਾ, ਬਹਾਦਰੀ ਤੇ ਦੇਸ਼ ਭਗਤੀ ਘਰ ਕਰ ਗਈ। ਲੋਕ-ਗੀਤਾਂ ਵਿਚ ਵੀ ਬੀਰ ਭਾਵਨਾ ਚੋਖੀ ਮਾਤਰਾ ਵਿਚ ਮਿਲਦੀ ਹੈ। ਪੰਜਾਬਣਾਂ ਆਪਣੇ ਢੋਲ ਸਿਪਾਹੀਆਂ ਨੂੰ ਬੜੇ ਚਾਅ ਨਾਲ ਲੜਾਈਆਂ 'ਚ ਭੇਜਦੀਆਂ ਆਖ ਰਹੀਆਂ ਹਨ :

ਜਾ ਵੇ ਸਿਪਾਹੀਆ ਜਾਵੀਂ ਛੇਤੀ, ਬਹੁਤੀ ਦੇਰ ਨਾ ਲਾਈਂ।
ਸ਼ੇਰਾ ਵਾਂਗੂੰ ਪਾਲੀ ਅਣਖ ਨੂੰ,
ਪਿੱਠ ਨਾ ਕਦੇ ਵਿਖਾਈਂ।

## ਧਾਰਮਿਕ ਸਾਂਝ ਦਾ ਪ੍ਰਗਟਾਵਾ

ਪੰਜਾਬ ਵਿਚ ਅਨੇਕਾਂ ਧਰਮ, ਸੰਪ੍ਰਦਾਵਾਂ ਤੇ ਪੀਰ- ਫਕੀਰ ਹੋਏ ਹਨ, ਜਿਨ੍ਹਾਂ ਦੀਆਂ ਰਹੁ-ਰੀਤਾਂ ਪੂਜਾ ਵਿਧੀਆਂ ਨਿਵੇਕਲੀਆਂ ਹਨ। ਵੱਖੋ-ਵੱਖ ਧਰਮਾਂ ਦੇ ਲੋਕ ਸਾਰਿਆਂ ਧਰਮਾਂ ਦੇ ਦਿਨ-ਤਿਓਹਾਰ ਸਾਂਝੇ ਤੌਰ 'ਤੇ ਮਨਾਉਂਦੇ ਆਏ ਹਨ। ਪੰਜਾਬੀ ਲੋਕ-ਗੀਤਾਂ 'ਚ ਵੀ ਇਹ ਸਾਂਝ ਦੇਖਣ ਨੂੰ ਮਿਲਦੀ ਹੈ :

ਦੇਵੀ ਦੀ ਮੈਂ ਕਰਾਂ ਕੜਾਹੀ ਪੀਰ ਫਕੀਰ ਧਿਆਵਾਂ।
ਹੈਦਰ ਸ਼ੇਖ ਦਾ ਦੇਵਾਂ ਬੱਕਰਾ
ਨੰਗੇ ਪੈਰੀਂ ਜਾਵਾਂ।
ਹਨੂੰਮਾਨ ਦੀ ਦੇਵਾਂ ਮੰਨੀ,
ਰਤੀ ਫ਼ਰਕ ਨਾ ਪਾਵਾਂ।
ਨੀ ਮਾਤਾ ਭਗਤੀਏ,
ਮੈਂ ਤੇਰਾ ਜਸ ਗਾਵਾਂ।

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਲੋਕ-ਗੀਤ ਪੰਜਾਬੀਆਂ ਦੇ ਰੋਮ-ਰੋਮ ਵਿਚ ਰਚੇ ਹੋਏ ਹਨ। ਉਨ੍ਹਾਂ ਦਾ ਕੋਈ ਅਜਿਹਾ ਮੌਕਾ ਨਹੀਂ, ਜਿੱਥੇ ਲੋਕ-ਗੀਤ ਨਾ ਗਾਏ ਜਾਂਦੇ ਹੋਣ। ਪੰਜਾਬੀ ਲੋਕ-ਗੀਤ ਪੰਜਾਬੀ ਜੀਵਨ ਤੇ ਸੱਭਿਆਚਾਰ ਦਾ ਦਰਪਣ ਹਨ। ਪੰਜਾਬ ਦੇ ਲੋਕਾਂ ਦੀ ਇਹ ਆਤਮਾ ਹਨ।

—ਡਾ: ਜਸਵਿੰਦਰ ਸਿੰਘ


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key
INSURANCE

Number 1 in the
Community for 25 Years.

Explore
Your
Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

OPEN 7 DAYS

ICBC autoplan www.goldkeyinsurance.ca


fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$12.98 bag
EXTRA SUPER SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$1.99 lb
BC Carrots
ਗਾਜਰਾਂ ਬੀ ਸੀ
78¢ lb
SUPER SPECIAL
Round Tomatoes
ਗੋਲ ਟਮਾਟਰ
99¢ lb
SUPER SUPER SPECIAL
Spinach
ਪਾਲਕ
$1.28 bunch
Sher Multigrain Atta 10 lbs
ਸ਼ੇਰ ਮਲਟੀਗ੍ਰੇਨ ਆਟਾ
$9.99 bag
Indian Eggplants
ਦੇਸੀ ਬਤਾਊਂ
$1.48 lb
SUPER SPECIAL
Gala Apples BC
ਗਾਲਾ ਸੇਬ ਬੀਸੀ
79¢ lb
SUPER SPECIAL
Red Delicious Apples BC
ਲਾਲ ਸਵਾਦ ਸੇਬ ਬੀਸੀ
79¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Red Lentil Split
ਧੋਤੀ ਮਸਰਾਂ ਦੀ ਦਾਲ
88¢ lb
SUPER SPECIAL
Cilantro
ਧਣੀਆ
2 bunches for $1.50
SUPER SPECIAL
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$4.88 bag
Zucchini Squash
ਜ਼ੁਕੀਨੀ ਸਕੁਐਸ਼
88¢ lb
Almonds #1
ਬਦਾਮ
$3.98 lb
Red Lentil Whole
ਮਸਰਾ ਦੀ ਸਾਬਤ ਦਾਲ
78¢ lb
Green, Red, Yellow & Orange Peppers BC
ਸ਼ਿਮਲਾ ਮਿਰਚਾਂ
(ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
99¢ lb
Green Cabbage
ਹਰੀ ਬੰਦ ਗੋਭੀ
59¢ lb
Long Eggplants
ਲੰਬੇ ਬਤਾਊਂ
$1.49 lb
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Chickpeas
ਚਿੱਟੇ ਛੋਲੇ
99¢ lb
Daikon (Moli)
ਮੂਲੀ
99¢ lb
Gala Apples USA #1
ਗਾਲਾ ਸੇਬ ਯੂ.ਐਸ. #੧
$1.29 lb
Rapini (Sarson da Saag)
ਸਰਸੋਂ ਦਾ ਸਾਗ
$2.88 bunch
Red Lentil Whole, Red Lentil Split 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ (ਇੰਡੀਕੈਂਨ)
$3.98 bag
Product images may differ from the actual product.
Thur Oct 05, 2023 - Wed Oct 11, 2023
We reserve the right to limit the quantities while they last
Specials valid for Lower Mainland only
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd. --------------- 604-244-9520